# ਕੈਨੇਡਾ ਦਰਪਣ

ਫਰਵਰੀ 5, 1985

**February 5, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
# ਕੈਨੇਡਾ ਦਰਪਣ
(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Second Class Mail
Reg. No. 5991

ਕੀਮਤ 30 ਸੈਂਟ Out of Greater Vancouver Price 40¢

THE CANADA DARPAN
Punjabi Weekly Newspaper
February 5 - Februaru 12, 1985
Vol. 4 No. 6
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

# ਪਾਕਿਸਤਾਨ ਪ੍ਰਮਾਣੂ ਬੰਬ ਬਣਾਵੇਗਾ

## 11 ਸੂਬਿਆਂ ਵਿਚ ਚੋਣਾਂ ਲਈ 950 ਉਮੀਦਵਾਰ

**ਨਵੀਂ ਦਿੱਲੀ** - ਅਮਰੀਕੀ ਸੂਤਰਾਂ ਅਨੁਸਾਰ ਪਾਕਿਸਤਾਨ ਪ੍ਰਮਾਣੂ ਬੰਬ ਤਿਆਰ ਕਰਨ ਦੀ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਇਹ ਵਿਚਾਰ ਨਵੀਂ ਦਿੱਲੀ ਵਿੱਚ ਸਾਊਥ ਏਸ਼ੀਅਨ ਮਾਮਲਿਆਂ ਬਾਰੇ ਅਮਰੀਕੀ ਐਕਸਪਰਟ ਰਿਚਰਡ ਕਰੋਨਿਨ ਨੇ ਪ੍ਰਗਟਾਏ। ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਦਾ ਇਹ ਫੈਸਲਾ ਕਿ ਉਹ ਪ੍ਰਮਾਣੂ ਬੰਬ ਜ਼ਰੂਰ ਬਣਾਵੇਗਾ, ਭਾਰਤੀ ਉਪ-ਮਹਾਂ ਦੀਪ ਲਈ ਖਤਰਿਆਂ ਤੋਂ ਖਾਲੀ ਨਹੀਂ ਹੋਵੇਗਾ।

ਇੱਥੇ ਦੇ ਰਾਜਸੀ ਹਲਕਿਆਂ ਵਿੱਚ ਅਮਰੀਕਨ ਅਧਿਕਾਰੀਆਂ ਵੱਲੋਂ ਅਜਿਹੇ ਬਿਆਨ ਤੇ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿਉਂਕਿ ਪਾਕਿਸਤਾਨ ਇਕ ਤਰ੍ਹਾਂ ਨਾਲ ਅਮਰੀਕਾ ਦਾ ਹੀ ਫੌਜੀ ਅੱਡਾ ਹੈ ਅਤੇ ਉਸ ਦੀ ਮਜ਼ਾਲ ਨਹੀਂ ਕਿ ਅਮਰੀਕਾ ਦੀ ਹੱਲਾਸ਼ੇਰੀ ਤੋਂ ਬਿਨਾਂ ਅਤੇ ਆਰਥਿਕ ਸਹਾਇਤਾ ਤੋਂ ਬਿਨਾਂ ਉਹ ਪ੍ਰਮਾਣੂ ਬੰਬ ਬਣਾ ਸਕੇ। ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਅਮਰੀਕਾ ਦੀ ਚਾਲ ਇਹ ਹੈ ਕਿ ਉਧਰ ਪਾਕਿਸਤਾਨ ਨੂੰ ਵੱਧ ਤੋਂ ਵੱਧ ਹਥਿਆਰ ਦੇ ਕੇ ਤਾਕਤਵਰ ਬਣਾਇਆ ਜਾਏ ਤੇ ਨਾਲ ਹੀ ਭਾਰਤ ਤੇ ਦਬਾਅ ਜਾਰੀ ਰੱਖਿਆ ਜਾਵੇ।

### ਭਾਰਤ ਸਕਿਉਰਿਟੀ ਕੌਂਸਲ ਦਾ ਪ੍ਰਧਾਨ

ਪਹਿਲੀ ਫਰਵਰੀ ਨੂੰ ਭਾਰਤ ਯੂ. ਐਨ. ਓ. ਦੀ ਮੁੱਖੀ ਸਕਿਉਰਿਟੀ ਕੌਂਸਲ ਦਾ ਪ੍ਰਧਾਨ ਚੁਣ ਲਿਆ ਗਿਆ ਹੈ। 40 ਸਾਲਾਂ ਤੋਂ ਸਥਾਪਿਤ ਹੋਈ ਇਸ ਸੰਸਾਰ ਜਥੇਬੰਦੀ ਵਿੱਚ ਭਾਰਤ ਨੂੰ ਛੇਵੀਂ ਵਾਰ ਪ੍ਰਧਾਨਗੀ ਮਿਲੀ ਹੈ। ਭਾਰਤ ਦੇ ਯੂ. ਐਨ. ਓ. ਵਿੱਚ ਰਾਜਦੂਤ ਐਨ. ਐਨ. ਕ੍ਰਿਸ਼ਨਨ ਨੇ ਸਕਿਓਰਿਟੀ ਕੌਂਸਲ ਦੀ ਪ੍ਰਧਾਨਗੀ ਸੰਭਾਲ ਲਈ ਹੈ। ਉਨ੍ਹਾਂ ਤੋਂ ਪਹਿਲਾਂ ਫਰਾਂਸ ਦੇ ਰਾਜਦੂਤ ਕਲਾਊਡ ਡੀ ਕਿਮਲੋਰੀਆ ਇਸ ਦੇ ਪ੍ਰਧਾਨ ਸਨ।

### ਭਾਰਤ ਵੱਲੋਂ ਇਥੋਪੀਆ ਨੂੰ ਕਣਕ ਭੇਜੀ ਗਈ

ਈਥੋਪੀਆ ਨੂੰ ਭਾਰਤ ਨੇ ਇੱਕ ਲੱਖ ਟਨ ਕਣਕ ਦਾਨ ਵਜੋਂ ਭੇਜੀ ਹੈ ਜੋ ਇਸ ਮਹੀਨੇ ਈਥੋਪੀਆ ਦੇ ਕਾਲ-ਪੀੜਤ ਇਲਾਕਿਆਂ ਤੱਕ ਪਹੁੰਚ ਜਾਵੇਗੀ। ਇਹ ਕਣਕ ਕੌਮਾਂਤਰੀ ਫੂਡ ਪ੍ਰੋਗਰਾਮ ਅਧੀਨ ਭੇਜੀ ਗਈ ਹੈ।

## ਫਰਾਂਸ ਦਾ ਰਾਜਦੂਤ ਦਿੱਲੀ ਵਿਚੋਂ ਕੱਢ ਦਿਤਾ ਗਿਆ

**ਨਵੀਂ ਦਿੱਲੀ** - ਭਾਰਤ ਸਰਕਾਰ ਦੇ ਜ਼ੋਰ ਦੇਣ ਉਤੇ ਫਰਾਂਸ ਨੂੰ ਭਾਰਤ ਵਿਚੋਂ ਆਪਣਾ ਰਾਜਦੂਤ ਵਾਪਸ ਬੁਲਾਉਣਾ ਪੈ ਗਿਆ ਹੈ। 20 ਜਨਵਰੀ ਨੂੰ ਫਰਾਂਸੀਸੀ ਅਧਿਕਾਰੀ ਲੈਫਟੀਨੈਂਟ ਕਰਨਲ ਅਲੇਨ ਬੌਲੀ ਨੂੰ ਭਾਰਤ ਸਰਕਾਰ ਨੇ ਦਿੱਲੀ ਵਿਚੋਂ ਨਿਕਲ ਜਾਣ ਦੇ ਹੁਕਮ ਦਿਤੇ ਸਨ।

ਪੈਰਿਸ ਵਿਚ ਹੋਈ ਗੱਲਬਾਤ ਤੋਂ ਪਿਛੋਂ ਫਰਾਂਸ ਦੇ ਬਦੇਸ਼ ਮੰਤਰੀ -

**ਨਵੀਂ ਦਿੱਲੀ** - ਆਉਣ ਵਾਲੇ ਚੁਣਾਓ ਲੜਨ ਲਈ ਗਿਆਰਾਂ ਅਸੈਂਬਲੀਆਂ ਅਤੇ ਪਾਂਡੀਚਰੀ ਦੇ ਕੇਂਦਰੀ ਪ੍ਰਸ਼ਾਸ਼ਿਤ ਇਲਾਕੇ ਵਿੱਚੋਂ ਕੁੱਲ ਸੀਟਾਂ ਲਈ ਲੱਗਭਗ 500 ਤੋਂ ਵੱਧ ਉਮੀਦਵਾਰਾਂ ਨੇ ਪੇਪਰ ਭਰੇ ਹਨ। ਇਸ ਗਿਣਤੀ ਨਾਲ ਕੁੱਲ ਉਮੀਦਵਾਰ 950 ਤੱਕ ਹੋ ਗਏ ਹਨ।

ਮਹਾਂਰਾਸ਼ਟਰ ਵਿਚ ਜਨਤਾ, ਕਾਂਗਰਸ ਐਸ. ਐਸ. ਅਤੇ ਕਿਸਾਨ ਤੇ ਮਜ਼ਦੂਰ ਪਾਰਟੀਆਂ ਨੇ ਅਗਾਂਹਵਧੂ ਜਮਹੂਰੀ ਫਰੰਟ ਬਣਾ ਲਿਆ ਹੈ ਤਾਂ ਕਿ ਆਉਣ ਵਾਲੀਆਂ ਅਸੈਂਬਲੀ ਚੋਣਾਂ ਲੜੀਆਂ ਜਾ ਸਕਣ। ਮੁਆਦੇ ਅਨੁਸਾਰ ਉਪਰਲੀਆਂ ਪਾਰਟੀਆਂ ਵਿੱਚੋਂ ਕਾਂਗਰਸ ਐਸ. ਐਸ. ਨੂੰ ਇਕ ਸੌ ਛੱਬੀ ਸੀਟਾਂ, ਜ. ਪਾਰਟੀ 68 ਸੀਟਾਂ, ਜਨਤਾ ਸੱਠ ਅਤੇ ਮਜ਼ਦੂਰ ਤੇ ਕਿਸਾਨ ਪਾਰਟੀ ਨੂੰ 31 ਸੀਟਾਂ ਤੇ ਚੋਣਾਂ ਲੜਨ ਦਾ ਅਧਿਕਾਰ ਪ੍ਰਾਪਤ ਹੋਇਆ ਹੈ।

ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਠਾਕਰੀ ਨੇ ਕਿਹਾ ਹੈ ਕਿ ਮੱਧ ਪ੍ਰਦੇਸ਼ ਵਿੱਚ ਉਨ੍ਹਾਂ ਵੱਲੋਂ ਸਾਰੀਆਂ ਦੀਆਂ ਸਾਰੀਆਂ 300 ਸੀਟਾਂ ਉਪਰ ਚੋਣ ਮੁਕਾਬਲੇ ਕੀਤੇ ਜਾਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਇਪੁਰ ਵਿੱਚ ਉਨ੍ਹਾਂ ਕਿਹਾ ਕਿ ਹੋਰ ਪਾਰਟੀਆਂ ਨਾਲ ਲੈਣ ਦੇਣ ਦੀ ਗੱਲਬਾਤ ਵੀ ਚੱਲ ਰਹੀ ਹੈ।

ਸੀਟਾਂ ਦੇ ਕਰਨਾਟਕ ਵਿੱਚ ਭੂਜ. ਪਾਰਟੀ ਤੇ ਜਨਤਾ ਪਾਰਟੀ ਕਿਸੇ ਚੋਣ ਸਮਝੌਤੇ ਤੇ ਪਹੁੰਚ ਵਿੱਚ ਸਫਲ ਨਹੀਂ ਹੋ ਸਕੀਆਂ। ਭਾਰਤੀ ਜਨਤਾ ਪਾਰਟੀ ਦੇ ਸੂਬੇ ਦੇ ਪ੍ਰਧਾਨ ਸ੍ਰੀ ਸ਼ਿਵਅੱਪਾ ਨੇ ਬੰਗਲੌਰ 'ਚ ਪੱਤਰਕਾਰਾਂ ਨੂੰ ਦੱਸਿਆ ਕਿ ਇੱਥੇ ਉਨ੍ਹਾਂ ਦੀ ਪਾਰਟੀ ਇਕੱਲੀ ਹੀ ਚੋਣਾਂ ਲੜੇਗੀ।

ਆਂਧਰਾ ਪ੍ਰਦੇਸ਼ 'ਚ ਤੇਲਗੂ ਦੇਸ਼ਮ ਪਾਰਟੀ ਨੇ ਇਕ ਫਰਵਰੀ ਨੂੰ 24 ਉਮੀਦਵਾਰਾਂ ਦੀ ਲਿਸਟ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਵਿਚ ਸੱਤ ਮੰਤਰੀ ਅਤੇ ਭੰਗ ਕੀਤੀ ਅਸੈਂਬਲੀ ਦੇ 14 ਪੁਰਾਣੇ ਮੈਂਬਰ ਵੀ ਹਨ।

ਰੋਲਾਂਡ ਡੂਮਾਸ ਨੇ ਭਾਰਤੀ ਰਾਜਦੂਤ ਨਰੇਂਦਰ ਸਿੰਘ ਨੂੰ ਦੱਸਿਆ ਕਿ ਰਾਜਦੂਤ ਨੂੰ ਜਾਸੂਸੀ ਕਾਂਡ ਕਾਰਨ ਵਾਪਸ ਬੁਲਾਇਆ ਜਾ ਰਿਹਾ ਹੈ। ਫਰਾਂਸੀਸੀ ਰਾਜਦੂਤ ਸਰਜ ਬੁਆਏਡ ਇਸੇ ਹਫਤੇ ਵਾਪਸ ਪੈਰਿਸ ਪਹੁੰਚ ਰਿਹਾ ਹੈ।

ਕਿਹਾ ਜਾਂਦਾ ਹੈ ਕਿ ਅਮਰੀਕਨ ਬਦਨਾਮ ਏਜੰਸੀ ਸੀ. ਆਈ. ਏ. ਨੂੰ ਇਨ੍ਹਾਂ ਫਰਾਂਸੀਸੀ ਅਧਿਕਾਰੀਆਂ ਨੇ ਅਜਿਹੇ ਦਸਤਾਵੇਜ਼ ਮੁਹੱਈਆ ਕੀਤੇ ਜਿਨ੍ਹਾਂ ਦਾ ਸਬੰਧ ਭਾਰਤ ਦੀ ਰੱਖਿਆ ਨਾਲ ਸੀ।

ਭਾਰਤ ਸਰਕਾਰ ਨੇ ਫਰਾਂਸ ਦੀ ਸਰਕਾਰ ਨੂੰ ਇਨ੍ਹਾਂ ਫਰਾਂਸੀਸੀ ਅਧਿਕਾਰੀਆਂ ਦੇ ਜਾਸੂਸੀ ਕਰਨ ਦੇ ਮਾਮਲੇ ਵਿਚ ਸਬੰਧਤ ਹੋਣ ਕਾਰਨ ਕਿਹਾ ਸੀ ਕਿ ਇਹ ਅਧਿਕਾਰੀ ਭਾਰਤ ਵਲੋਂ ਕੱਢੇ ਜਾ ਰਹੇ ਹਨ।

ਯਾਦ ਰਹੇ ਕਿ ਫਰਾਂਸੀਸੀਆਂ ਤੋਂ ਬਿਨਾਂ ਹੋਰ ਵੀ ਨੈਟੋ ਮੁਲਕਾਂ ਦੇ ਅਧਿਕਾਰੀ ਇਸ ਜਾਸੂਸੀ ਕਾਂਡ ਵਿਚ ਸ਼ਾਮਲ ਹਨ।

## ਸੌਦੇਬਾਜ਼ੀ ਮੁਆਫ ਨਹੀਂ ਕੀਤੀ ਜਾਵੇਗੀ

ਲੰਡਨ — ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵਲੋਂ ਬਰਤਾਨਵੀ ਬਾਰੈਸਟਰਾਂ 'ਤੇ ਆਧਾਰਤ ਇਕ ਕਾਨੂੰਨੀ ਮਾਹਿਰਾਂ ਦੀ ਕਮੇਟੀ ਸਥਾਪਤ ਕੀਤੀ ਗਈ ਹੈ, ਜੋ 6 ਜੂਨ 1984 ਤੋਂ ਲੈ ਕੇ ਅੱਜ ਤੱਕ ਭਾਰਤ ਵਿਚ ਸਿੱਖਾਂ 'ਤੇ ਹੋਏ ਅਤਿਆਚਾਰਾਂ ਦਾ ਵੇਰਵਾ ਪ੍ਰਾਪਤ ਕਰਕੇ, ਕੇਸ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਕਮਿਸ਼ਨ ਕੋਲ ਦਾਇਰ ਕਰੇਗੀ। ਇਸ ਸਬੰਧੀ ਪੰਜਾਬ ਤੋਂ ਲੋੜੀਂਦੇ ਬਿਆਨ ਅਤੇ ਐਫੀਡੇਵਿਟ ਆਦਿ ਮੰਗਵਾਏ ਜਾ ਰਹੇ ਹਨ।

ਫੈਡਰੇਸ਼ਨ ਦੇ ਪ੍ਰਧਾਨ ਡਾ: ਪ੍ਰਗਟ ਸਿੰਘ ਅਤੇ ਜਨਰਲ ਸਕੱਤਰ ਡਾ: ਸਾਧੂ ਸਿੰਘ ਨੇ ਇਕ ਲਿਖਤੀ ਬਿਆਨ ਵਿਚ ਆਖਿਆ, ਕਿ ਅਕਾਲੀਆਂ ਨੂੰ ਜੇ ਸਿੱਖਾਂ

(ਬਾਕੀ ਪੰਨਾ 6 ਤੇ)

### ਵੈਨਕੂਵਰ ਸਿੱਟੀ ਕੌਂਸਲ ਜ਼ਿਮਨੀ ਚੋਣ ਚ

## ਬਰੂਸ ਯੌਰਕ ਸ਼ਾਨ ਨਾਲ ਜਿੱਤਿਆ।

**ਵੈਨਕੂਵਰ** - 2 ਫਰਵਰੀ ਨੂੰ ਵੈਨਕੂਵਰ ਸਿਟੀ ਕੌਂਸਲ ਦੀ ਜ਼ਿਮਨੀ ਚੋਣ ਵਿੱਚ ਧਨੀ ਵਿਉਪਾਰੀਆਂ ਦੇ ਉਮੀਦਵਾਰ ਫਿਲਪ ਓਵਨ ਹਾਰ ਗਏ ਹਨ ਅਤੇ ਕੋਪ ਉਮੀਦਵਾਰ ਅਤੇ ਕਮਿਊਨਿਸਟ ਪਾਰਟੀ ਦੇ ਮੈਂਬਰ ਬਰੂਸ ਯੌਰਕ 46438 ਵੋਟਾਂ ਲੈ ਕੇ ਬੜੀ ਸ਼ਾਨ ਨਾਲ ਜਿੱਤੇ ਹਨ।



ਬਰੂਸ ਯੌਰਕ ਦੀ ਮੱਦਦ ਉਤੇ ਸਭ ਜਮਹੂਰੀ ਸ਼ਕਤੀਆਂ ਨੇ ਆਪਣੀ ਸ਼ਕਤੀ ਲਾਮਬੰਦ ਕੀਤੀ ਹੋਈ ਸੀ - ਮੇਅਰ ਹਾਰਕੋਰਟ, ਐਨ. ਡੀ. ਪੀ., ਲੇਬਰ ਦੇ ਸਾਰੇ ਗਰੁੱਪ, ਕੋਪ, ਅਤੇ ਇੰਡੋ-ਕਨੇਡੀਅਨ ਲੋਕਾਂ ਦੀਆਂ ਸਾਰੀਆਂ ਜਮਹੂਰੀ ਸੰਸਥਾਵਾਂ, ਐਥਨਿਕ ਗਰੁੱਪਾਂ ਨੇ ਬਰੂਸ ਯੌਰਕ ਦੀ ਵਧ ਚੜ੍ਹ ਕੇ ਹਮਾਇਤ ਕੀਤੀ ਤੇ ਸੋਕਰਿਡ ਸਰਕਾਰ ਦੇ ਨੁਮਾਇੰਦੇ ਫਿਲਪ ਓਵਨ ਨੂੰ ਬੁਰੀ ਤਰ੍ਹਾਂ ਹਰਾਇਆ।

ਬਰੂਸ ਯੌਰਕ ਦੇ ਜਿੱਤਣ ਨਾਲ ਸਿਟੀ ਕੌਂਸਲ ਵਿੱਚ ਬਹੁ-ਗਿਣਤੀ ਜਮਹੂਰੀਅਤ ਪਸੰਦ ਮੈਂਬਰਾਂ ਦੀ ਫਿਰ ਹੋ ਗਈ ਹੈ।

ਅਸੀਂ ਹਰ ਕਿਸਮ ਦੀ ਇਨਸ਼ੋਰੈਂਸ ਦੇ ਮਾਹਰ ਹਾਂ। ਘਰਾਂ ਦੀ, ਬਿਜ਼ਨਿਸ ਦੀ ਜਾਂ ਕੋਈ ਵੀ ਹੋਰ ਇਨਸ਼ੋਰੈਂਸ ਦੀ ਲੋੜ ਹੋਵੇ ਤਾਂ ਸਾਨੂੰ ਮਿਲੋ ਜਾਂ ਫੂਨ ਕਰੋ।
ਇਨਸ਼ੋਰੈਂਸ ਲਈ ਮਾਸਟਰ ਕਾਰਡ ਤੇ ਵੀਜਾ ਵੀ ਲੈਂਦੇ ਹਾਂ।



ਗੁਰਬੀਰ ਸਿੰਘ ਪੁਰੀ

ਇੱਕ ਵਾਰ ਅਜਮਾ ਕੇ ਦੇਖੋ, ਤੁਸੀਂ ਵਾਰ ਵਾਰ ਪੁਰੀ ਇਨਸ਼ੋਰੈਂਸ ਦੀਆਂ ਸੇਵਾਵਾਂ ਹੀ ਪ੍ਰਾਪਤ ਕਰੋਗੇ। ਭਰੋਸੇ ਯੋਗ ਸਰਵਿਸ ਤੇ ਦੋਸਤਾਨਾ ਮਾਹੌਲ ਤੁਹਾਨੂੰ ਪੁਰੀ ਇਨਸ਼ੋਰੈਂਸ ਤੇ ਹੀ ਮਿਲ ਸਕਦਾ ਹੈ। ਪੁਰੀ ਇਨਸ਼ੋਰੈਂਸ ਨੂੰ ਸਦਾ ਯਾਦ ਰੱਖੋ।



ਅਮਰਜੀਤ ਕੌਰ ਪੁਰੀ

PURI INSURANCE AGENCIES

MasterCard

5707 Kingsway (Near Imperial) Burnaby, B.C. 430-5533

VISA

ਕੈਨੇਡਾ ਦਰਪਣ

## ਸਮਾਨਤਾ ਰੀਪੋਰਟ

ਸਮਾਨਤਾ ਦੀ ਸਲਾਨਾ ਆਮ ਮੀਟਿੰਗ 27 ਜਨਵਰੀ 1985 ਨੂੰ ਦਿਨ ਦੇ 1:00 ਵਜੇ ਤੋਂ 3:00 ਵਜੇ ਤੱਕ ਲਿਟਲ ਮਾਊਂਟੇਨ ਨੇਬਰਹੁੱਡ ਵਿਚ ਹੋਈ।

ਮੀਟਿੰਗ ਦਾ ਅਰੰਭ ਭਵਨੀਤ ਨੇ ਆਸਾਵਰੀ ਰਾਗ ਨਾਲ ਕੀਤਾ। ਮੈਂਬਰਾਂ ਦਾ ਸੁਆਗਤ ਕਰਦਿਆਂ ਗੀਤਾ ਪੁਰੀ ਨੇ ਕਿਹਾ ਕਿ ਸਾਡੀ ਕਮਿਊਨਿਟੀ ਵਿਚ ਔਰਤਾ ਉਤੇ ਤਸ਼ੱਦਦ ਦੀ ਸਮੱਸਿਆ ਖਤਮ ਕਰਨ ਲਈ ਸਮਾਨਤਾ ਵਰਗੀਆਂ ਹੋਰ ਵੀ ਜਥੇਬੰਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸਮਾਨਤਾ ਦੇ ਹਿਮਾਇਤੀ ਮੈਂਬਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਸਮਾਨਤਾ ਭਾਵੇਂ ਪਿਛਲੇ ਸਾਲ ਪਬਲਿਕ ਤੌਰ ਤੇ ਸਰਗਰਮ ਨਹੀਂ ਰਹੀ ਪਰ ਇਸ ਦੀ ਸੰਕਟ ਸਹਾਇਤਾ ਕਮੇਟੀ ਲਗਾਤਾਰ ਕੰਮ ਕਰਦੀ ਰਹੀ ਹੈ ਅਤੇ ਲੋੜਮੰਦ ਤੇ ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਨੂੰ ਸਹਾਇਤਾ ਮਿਲਦੀ ਰਹੀ ਹੈ।

ਸੁਆਗਤੀ ਸ਼ਬਦ ਤੋਂ ਪਿਛੋਂ ਸਾਲ 1983-84 ਦੀ ਆਰਥਕ ਰੀਪੋਰਟ ਪੇਸ਼ ਕੀਤੀ ਗਈ। ਸਮਾਨਤਾ ਦਾ ਕੰਮ ਹੋਰ ਅਸਰਦਾਰ ਤਰੀਕੇ ਨਾਲ ਚਲਾਉਣ ਲਈ ਵਿਚਾਰ ਵਟਾਂਦਰਾ ਹੋਇਆ ਅਤੇ ਮੈਂਬਰਾਂ ਨੇ ਕਈ ਉਸਾਰੂ ਸੁਝਾ ਦਿਤੇ ਜਿਵੇਂ ਕਿ:

- ਸਮਾਨਤਾ ਦੇ ਮੁੱਖ ਉਦੇਸ਼ — ਤਸ਼ੱਦਦ ਦੀਆਂ ਸ਼ਿਕਾਰ ਔਰਤਾ ਦੀ ਸਹਾਇਤਾ ਕਰਨਾ - ਨੂੰ ਮੁਖ ਰਖਦਿਆ ਇਸ ਦਾ ਕੰਮ ਇਕ ਸੇਵਾ ਸੰਸਥਾ ਦੇ ਰੂਪ ਵਿਚ ਜਾਰੀ ਰਖਿਆ ਜਾਏ ਤਾਂ ਜੋ ਕਮਿਊਨਿਟੀ ਵਿਚ ਸੰਕਟ ਸਮੇਂ ਲੋੜ ਰਾਏ ਕਾਇਮ ਕੀਤੀ ਜਾ ਸਕੇ।
- ਕਮਿਊਨਿਟੀ ਵਿਚੋਂ ਹੋਰ ਵਲੰਟੀਅਰਾਂ ਨੂੰ ਔਰਤਾਂ ਲਈ ਸਹਾਰਾ ਦੇਣ ਦੇ ਕੰਮਾਂ ਵਲ ਪ੍ਰੇਰਿਆ ਜਾਏ।
- ਸਮਾਜ ਵਿਚ ਤਸ਼ੱਦਦ ਦੇ ਰੂਪਾਂ ਪ੍ਰਤੀ ਲੋਕਾਂ ਨੂੰ ਸਿਖਿਅਤ ਕਰਨ ਲਈ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਏ। ਸਿਖਿਅਤ ਕਰਨ ਦੇ ਕੰਮਾਂ ਵਿਚ ਲੇਖਕਾਂ ਦੀ ਮਿਲਵਰਤਨ ਪ੍ਰਾਪਤ ਕੀਤੀ ਜਾਏ।

ਇਨ੍ਹਾਂ ਅਤੇ ਕਈ ਹੋਰ ਸੁਝਾਵਾਂ ਉਤੇ ਗੌਰ ਕੀਤੀ ਗਈ ਅਤੇ ਨਵੀਂ ਅਗਜ਼ੈਕਟਿਵ ਦੀ ਕੋਲੈਕਟਿਵ ਕਮੇਟੀ ਨਾਮਜ਼ਦ ਕੀਤੀ ਗਈ। ਇਸ ਦੀ ਨਵੀਂ ਰੂਪ ਰੇਖਾ ਇਸ ਪ੍ਰਕਾਰ ਹੈ:

ਕੋਆਰਡੀਨੇਟਰ (1) — ਗੀਤਾ ਪੁਰੀ (ਤਾਲਮੇਲ)
ਕੋ ਆਰਡੀਨੇਟਰ (2) — ਜਸਬੀਰ ਆਹਲੂਵਾਲੀਆ (ਮੀਟਿੰਗਾਂ ਲਈ)
ਵੇਰਵਾ ਸਕੱਤਰ (3) — ਭਵਨੀਤ ਭੰਗੂ
ਮੈਂਬਰ (4) — ਸੁਰਜੀਤ, ਪਰਮਿੰਦਰ, ਗੁਰਮੇਲ, ਕਰੁਣਾ ਅਗਰਵਾਲ।

ਇਹ ਮੈਂਬਰ ਸੰਕਟ ਸਹਾਇਤਾ, ਖੋਜ ਤੇ ਪ੍ਰਕਾਸ਼ਨ, ਸਿਖਿਆ ਤੇ ਸਭਿਆਚਾਰਕ ਕੰਮ ਅਗੇ ਵਾਂਗ ਹੀ ਮਿਲਕੇ ਕਰਨਗੇ। ਸਮਾਨਤਾ ਦੇ ਉਦੇਸ਼ ਨਾਲ ਸਹਿਮਤ ਸੰਸਥਾਵਾਂ ਦੀ ਅਸੀਂ ਪੂਰੀ ਹਮਾਇਤ ਕਰਾਂਗੇ ਅਤੇ ਉਨ੍ਹਾਂ ਵਲੋਂ ਮਿਲਵਰਤਨ ਨੂੰ ਜੀ ਆਇਆਂ ਕਹਾਂਗੇ।

ਐਗਜ਼ੈਕਟਿਵ ਦੀ ਨਾਮਜ਼ਾਦਗੀ ਮਗਰੋਂ ਛੋਟਾ ਜਿਹਾ ਸਭਿਆਚਾਰਕ ਪ੍ਰੋਗਰਾਮ ਹੋਇਆ ਜਿਸ ਵਿਚ ਕੁਝ ਮੈਂਬਰਾਂ ਗੀਤ ਤੇ ਕਵਿਤਾਵਾ ਪੇਸ਼ ਕੀਤੀਆਂ, ਮੀਟਿੰਗ ਦੀ ਸਮਾਪਤੀ ਚਾਹ ਪਾਣੀ ਨਾਲ ਹੋਈ।

### ਆਓ ਦੁੱਖ ਸਾਂਝਾ ਕਰੀਏ:

1984 ਦਾ ਕਹਿਰਾਂ ਭਰਿਆ ਸਾਲ, ਸਾਡੀ ਕੌਮ ਨਾਲ ਸਾਡੇ ਦੇਸ਼ ਵਿਚ ਅਤੇ ਵਿਦੇਸ਼ਾਂ ਵਿਚ ਕਿੰਨਾ ਕੁਝ ਹੀ ਅਤਿ ਭਿਆਨਕ ਵਾਪਰਿਆ; ਅਜਿਹੀ ਦੁੱਖਦਾਈ ਕੌਮੀ ਸਮੱਸਿਆ ਹੇਠ ਸਮਾਜ ਦੀਆਂ ਹੋਰ ਸਮਸਿਆਵਾਂ ਦੱਬ ਕੇ ਜ਼ਰੂਰ ਰਹਿ ਗਈਆਂ ਹਨ ਪਰ ਔਰਤਾ ਉਤੇ ਨਿੱਤ ਦਿਨ ਹੁੰਦੀ ਮਾਰ ਕੁਟਾਈ, ਗਾਲੀ ਗਲੋਚ, ਬੇਇਜ਼ਤੀ, ਅਤੇ ਘਰੇਲੂ ਤਸ਼ੱਦਦ ਵਿਚ ਕੋਈ ਫਰਕ ਨਹੀਂ ਪਿਆ। ਪਿਛਲੇ ਵਰ੍ਹੇ ਦੇ ਦੌਰਾਨ ਵੀ ਸਾਡੀਆਂ ਔਰਤਾਂ ਆਪਣੀ ਜਾਨ ਬਚਾਉਣ ਲਈ ਹਿਊਮਨ ਰੀਸੋਰਸਿਜ਼ ਅਤੇ ਐਮਰਜੈਂਸੀ ਸਰਵਿਸਜ਼ ਦੇ ਦਰਾਂ ਤੇ ਭਟਕੀਆਂ ਅਤੇ ਟ੍ਰਾਂਜੀਸ਼ਨ ਘਰਾਂ ਵਿਚ ਪਨਾਹ ਲੈਂਦੀਆ ਰਹੀਆਂ ਹਨ। ਪਿਛਲੇ ਸਾਲ ਦੀਆਂ ਦਰਦਨਾਕ ਘਟਨਾਵਾਂ ਦੀਆਂ ਖਬਰਾਂ ਵਿਚ ਇਹ ਪੜ੍ਹ ਕੇ ਅਤਿਅੰਤ ਦੁੱਖ ਤੇ ਨਮੋਸ਼ੀ ਹੋਈ ਕਿ 'ਹਰਿਆਣੇ ਵਿਚ ਸਿੱਖ ਔਰਤਾਂ ਦੀ ਪੱਤ ਲੁੱਟੀ ਗਈ' ਜਾਂ 'ਪੰਜਾਬ ਵਿਚ ਹਿੰਦੂ ਔਰਤਾਂ ਨੂੰ ਬੇਇੱਜਤ ਕੀਤਾ ਗਿਆ,' ਪਰ ਇਥੇ ਸਾਡੇ ਬਿਲਕੁਲ ਨਜ਼ਦੀਕ ਔਰਤਾ ਉਤੇ ਹੁੰਦੇ ਤਸ਼ੱਦਦ ਦੀਆਂ ਵਾਪਰਦੀਆਂ ਘਟਨਾਵਾਂ ਇਥੇ ਸਾਡੇ ਬਿਲਕੁਲ ਨਜ਼ਦੀਕ ਔਰਤਾ ਉਤੇ ਹੁੰਦੇ ਤਸ਼ਦੱਦ ਦੀਆਂ ਵਾਪਰ ਦੀਆ ਘਟਨਾਵਾਂ ਜਿਨ੍ਹਾਂ ਵਿਚ ਮਾਮੇ ਤਾਏ ਦੇ ਪੁੱਤ ਭਰਾ ਭੈਣਾਂ ਦੀ ਇੱਜ਼ਤ ਲੁੱਟਦੇ, ਹਾਈ ਸਕੂਲ ਜਾਂਦੀਆ ਨਾਲ ਛੇੜਖਾਨੀ ਕਰਦੇ, ਜਵਾਨ ਧੀਆ ਵਲੋਂ ਮਰਜ਼ੀ ਦਾ ਵਿਆਹ ਕਰਵਾਉਣ ਦੀ ਇੱਛਾ ਤੇ ਜਿਥੇ ਪਿਓ ਖੁਦ ਭੇੜੀਏ ਵਾਂਗ ਮਾਸੂਮਾਂ ਉਤੇ ਝਪਟ ਪੈਂਦੇ; ਵਿਦੇਸ਼ਾਂ ਵਿਚ ਵਾਪਰਦੀਆ ਅਜਿਹੀਆ ਸ਼ਰਮਨਾਕ ਘਟਨਾਵਾ ਸਾਡੇ ਅਖਬਾਰਾਂ ਵਿਚ ਸ਼ਾਇਦ ਪਹੁੰਚਣ ਨਹੀਂ ਦਿਤੀਆਂ ਜਾਂਦੀਆ ਕਿਉਂਕਿ ਅਜਿਹੀਆਂ ਘਟਨਾਵਾ ਘਰਾਂ 'ਚੋਂ ਨਿਕਲਕੇ ਪੁਲੀਸ ਮਹਿਕਮਿਆਂ ਤੋਂ ਹੁੰਦੀਆਂ ਰੇਪ-ਰੀਲੀਫ ਸੈਂਟਰਾਂ ਜਾਂ ਟ੍ਰਾਂਜ਼ੀਸ਼ਨ ਘਰਾਂ ਵਿਚ ਪਹੁੰਚ ਕੇ ਖਤਮ ਹੋ ਜਾਂਦੀਆ ਹਨ। ਜੇ ਔਰਤਾ ਦੋਸ਼ੀ ਰਿਸ਼ਤੇਦਾਰਾਂ ਉਤੇ ਚਾਰਜ ਲਾਉਣ ਦੀ ਜੁਅੱਰਤ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਡਰਾ ਧਮਕਾ ਕੇ ਉਨ੍ਹਾ ਨੂੰ ਹੀ ਦੋਸ਼ੀ ਠਹਿਰਹਇਆ ਜਾਂਦਾ ਹੈ। ਸਾਡੀ ਕਮਿਊਨਿਟੀ ਵਿਚ ਚੁਪਚਾਪ ਸੁਲਘਦੀਆ ਇਨ੍ਹਾਂ ਸ਼ਰਮਨਾਕ ਘਟਨਾਵਾਂ ਨੂੰ ਅਣਡਿੱਠ ਕਰਨ ਨਾਲ ਕੀ ਇਹ ਬੁਰਿਆਈ ਖਤਮ ਹੋ ਜਾਏਗੀ ? ਨਹੀਂ, ਸਮਾਜ ਵਿਚੋਂ ਇਹ ਬੁਰਿਆਈ ਖਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਨਿਰਪੱਖ ਤੇ ਉਸਾਰੂ ਸੋਚਣੀ ਬਣਾਉਣੀ ਪੈਣੀ ਹੈ: ਮਾਵਾਂ, ਧੀਆਂ, ਭੈਣਾ ਸਾਰੇ ਸਮਾਜ ਦੀਆਂ ਹਨ, ਔਰਤ ਦਾ ਅਪਮਾਨ ਤੁਹਾਡਾ ਆਪਣਾ ਅਪਮਾਨ ਹੈ ਤੁਹਾਡੀ ਮਾਂ, ਧੀ, ਭੈਣ, ਦਾ ਹੀ ਅਪਮਾਨ ਹੈ। ਸਮਾਨਤਾ ਦੇ ਉਦੇਸ਼ ਦੀ ਹਿਮਾਇਤ ਕਰਦਿਆਂ ਔਰਤਾਂ ਉਤੇ ਹਰ ਕਿਸਮ ਦੇ ਤਸ਼ੱਦੱਦ ਦੀ ਰੋਕਥਾਮ ਵਿਚ ਯੋਗਦਾਨ ਦੇਣਾ ਹੀ ਕਮਿਊਨਿਟੀ ਦਾ ਫਰਜ਼ ਹੈ।

'ਔਰਤ ਉੱਤੇ ਹੁੰਦਾ ਤਸ਼ੱਦੱਦ
ਨਾ ਧਰਮ ਹੈ ਨਾ ਜ਼ਾਤ ਨਾ ਰਾਜਨੀਤੀ ਨਾ ਈਮਾਨ
ਨਾ ਸਿੱਖ, ਈਸਾਈ, ਹਿੰਦੂ ਨਾ ਮੁਸਲਮਾਨ
ਨਾ ਧਾਮ ਨਾ ਕੋਈ ਵੀ ਸਤਾਨਾ ਵਰਗਾ ਸਤਾਨ।"

ਅਸੀਂ ਤੁਹਾਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਜਿਥੇ ਵੀ, ਜਦੋਂ ਵੀ ਕਦੀ ਕੋਈ ਅਜੇਹੀ ਘਟਨਾ ਸੁਣੋ ਜਾਂ ਵੇਖੋ ਤੁਰੰਤ ਉਸ ਔਰਤ ਦੀ ਮਦਦ ਪਹੁੰਚਾਉਣ ਲਈ ਇਕ ਵਸੀਲਾ ਵਿਅਕਤੀ ਦੇ ਤੌਰ ਤੇ ਆਪਣਾ ਫਰਜ਼ ਨਿਭਾਓ। ਤੁਹਾਡੀ ਸਹੂਲਤ ਵਾਸਤੇ ਹੇਠਾਂ ਕੁਝ ਫੋਨ ਮੱਦਦ ਦਾ ਪਰਬੰਧ ਕਰਨ ਵਿਚ ਸਹਾਇਤਾ ਕਰਕੇ ਮਨੁੱਖਤਾ ਦਾ ਮਾਣ ਵਧਾਓ।

ਸਮਾਨਤਾ: 874-7279, 276-2735
ਟ੍ਰਾਂਜ਼ੀਸ਼ਨ ਹਾਊਸ: 734-3358 (24 ਘੰਟੇ)
ਐਮਰਜੰਸੀ ਸਰਵਸਿਜ਼: 733-8111 ਜਾਂ 668-3111

ਸਮਾਨਤਾ ਐ.ਗਜ਼ੈਕਟਿਵ ਕਮੇਟੀ (1985)

## ਵਿਦਿਅਕ ਬੱਜਟ ਦੀ ਕਟੌਤੀ



ਸੋਕਰਡ ਸਰਕਾਰ ਨੇ ਚਾਰ ਚੁਫੇਰੇ ਬੱਜਟ ਦੀ ਕਟੌਤੀ ਕਰਕੇ ਸਿਰਫ ਬੇਰੁਜ਼ਗਾਰੀ ਹੀ ਨਹੀਂ ਵਧਾਈ ਸਗੋਂ ਸਮੁੱਚੀ ਬੀ. ਸੀ. ਦੀ ਕਮਿਊਨਿਟੀ ਦਾ ਸਾਹ ਘੁੱਟ ਦਿਤਾ ਹੈ। ਬੱਜਟ ਦੀਆਂ ਕਟੌਤੀਆਂ ਨਾਲ ਬੇਰੁਜ਼ਗਾਰ, ਕਮਜ਼ੋਰ, ਬਜ਼ੁਰਗਾਂ ਤੇ ਇਕਲੌਤੇ ਮਾਪਿਆਂ ਦਾ ਜੀਣਾ ਮੁਸ਼ਕਲ ਹੋ ਰਿਹਾ ਹੈ। ਖਾਸ ਕਰਕੇ ਸਕੂਲਾਂ ਤੇ ਕਾਲਜਾਂ ਤੇ ਇਸਦਾ ਬਹੁਤ ਹੀ ਭੈੜਾ ਅਸਰ ਪੈ ਰਿਹਾ ਹੈ। ਜੋ ਵਿਦਿਆਰਥੀਆਂ ਨੂੰ ਕਾਲਜ ਜਾਂ ਯੂਨੀਵਰਸਿਟੀ ਜਾਣ ਲਈ ਲੋਨ ਮਿਲਦੇ ਸਨ, ਉਹ ਬੰਦ ਹੋ ਚੁਕੇ ਹਨ। ਸਿਰਫ ਅਮੀਰਾਂ ਦੇ ਬੱਚੇ ਹੀ ਯੂਨੀਵਰਸਿਟੀ ਪੜ੍ਹਨ ਜਾ ਸਕਣਗੇ।

ਸਕੂਲਾਂ ਵਿਚ ਬੱਜਟ ਦੀ ਕਟੌਤੀ ਦੀ ਵੱਡੀ ਸੱਟ ਉਨ੍ਹਾਂ ਬੱਚਿਆਂ ਨੂੰ ਲੱਗੀ ਹੈ ਜੋ ਕਿ ਉਨ੍ਹਾਂ ਮੁਲਕਾਂ ਤੋਂ ਆਏ ਹਨ ਜਿਥੇ ਅੰਗਰੇਜ਼ੀ ਨਹੀਂ ਬੋਲੀ ਜਾਂਦੀ। ESL (ਇੰਗਲਿਸ਼ ਐਜ਼ ਏ ਸੈਕੰਡ ਲੈਂਗੂਏਜ਼) ਦੀਆਂ ਕਲਾਸਾਂ ਬਹੁਤ ਹੀ ਵੱਡੀਆਂ ਕਰ ਦਿਤੀਆਂ ਤੇ ਨਵੇਂ ਆਏ ਬੱਚਿਆਂ ਵੱਲ ਬਹੁਤ ਘੱਟ ਧਿਆਨ ਦਿਤਾ ਜਾ ਰਿਹਾ ਹੈ। ਇਸਦਾ ਭਾਵ ਇਹ ਹੋਇਆ ਕਿ ਘੱਟ ਗਿਣਤੀ ਲੋਕਾਂ ਦੇ ਬੱਚੇ, ਜਦ ਕਿ ਉਨ੍ਹਾਂ ਨੂੰ ਸਪੈਸ਼ਲ ਅੰਗਰੇਜ਼ੀ ਨਾ ਪੜ੍ਹਾਈ ਗਈ, ਉਲੂਆਂ ਵਾਂਗ ਕਲਾਸ ਵਿਚ ਬੈਠੇ ਟੀਚਰਾਂ ਦੇ ਮੂੰਹ ਵੱਲ ਵੇਖਣਗੇ। ਬਹੁਤ ਸਾਰੇ ਔਖੇ ਹੋ ਕੇ ਸਕੂਲ ਛੱਡ ਜਾਣਗੇ। ਜੇ ਕਿਸੇ ਨੇ ਗਰੇਡ ਬਾਰਾਂ ਭੀ ਪਾਸ ਕਰ ਲਈ ਤਾਂ ਉਸ ਤੋਂ ਇੰਗਲਿਸ਼ ਪਲੇਸਮੈਂਟ ਟੈਸਟ ਪਾਸ ਨਹੀਂ ਹੋਣਾ ਤੇ ਉਹ ਬੱਚੇ ਯੂਨੀਵਰਸਿਟੀ ਵਿਚ ਦਾਖਲਾ ਨਹੀਂ ਲੈ ਸਕਣਗੇ। ਅੰਗਰੇਜ਼ੀ ਨਾ ਬੋਲਣ ਸਦਕਾ ਚੰਗੀਆਂ ਨੌਕਰੀਆਂ ਸਾਡੇ ਬੱਚਿਆਂ ਨੂੰ ਮਿਲ ਨਹੀਂ ਸਕਣਗੀਆਂ।

ਕੀ ਸੱਚੀ ਮੁੱਚੀ ਬੀ. ਸੀ. ਸਰਕਾਰ ਪਾਸ ਪੈਸੇ ਨਹੀਂ ਹਨ? ਪੈਸੇ ਬਹੁਤ ਹਨ ਪਰ ਜਿਵੇਂ ਇਨ੍ਹਾਂ ਨੂੰ ਲੋਟ ਆਉਂਦਾ ਉਸ ਤਰਾਂ ਖਰਚਦੇ ਹਨ। ਲੋਕਾਂ ਦੀ ਸਿਹਤ ਤੇ ਵਿਦਿਆ ਵਾਰੇ ਇਨ੍ਹਾਂ ਨੂੰ ਕੋਈ ਫਿਕਰ ਨਹੀਂ। ਪਰ ALRT, EXPO ਤੇ ਕੋਲੇ ਦੀਆਂ ਖਾਨਾਂ ਤੇ ਕਰੋੜਾਂ ਡਾਲਰ ਖਰਚ ਰਹੇ ਹਨ। 350 ਕਰੋੜ ਡਾਲਰ ਜੋ ਕਿ CNR ਵਿਚ ਘਾਟਾ ਪਿਆ ਸੀ ਉਹ ਜੈਨਰਲ ਰੈਵੀਨਿਊ ਵਿਚ ਪਾ ਦਿਤਾ ਹੈ। ਵੱਡੀਆਂ ਕਾਰਪੋਰੇਸ਼ਨਾਂ ਤੇ ਅਮੀਰਾਂ ਦੇ ਢਿੱਡ ਭਰ ਰਹੇ ਹਨ ਅਤੇ ਜੋ ਪ੍ਰੋਗਰਾਮ ਗਰੀਬਾਂ ਦੀ ਸੁਰੱਖਿਆ ਲਈ ਹਨ ਉਨ੍ਹਾਂ ਦਾ ਸਫਾਇਆ ਕਰ ਰਹੇ ਹਨ। ਉਨ੍ਹਾਂ ਵਿੱਚ ਹਿਊਮਨ ਰਾਈਟਸ ਰੈਂਟ ਕੰਟਰੋਲ ਤੇ ਘੱਟ ਗਿਣਤੀ ਲੋਕਾਂ ਦੀ ਮੱਦਦ ਲਈ ਜੋ ਕਮਿਊਨਿਟੀ ਏਜੰਸੀਆਂ ਕੰਮ ਕਰ ਰਹੀਆਂ ਹਨ ਉਨ੍ਹਾਂ ਦੇ ਫੰਡ ਕੱਟਕੇ ਬਿਸਤਰਾ ਗੋਲ ਕਰ ਦਿਤਾ ਹੈ।

ਹਰ ਸ਼ਹਿਰ ਵਿਚ ਸਕੂਲ ਬੋਰਡਾਂ ਦੀਆਂ ਮੀਟਿੰਗਾਂ ਵਿਚ ਸਾਨੂੰ ਜਾਣਾ ਚਾਹੀਦਾ ਹੈ ਤੇ ਆਪਦੀ ਕਮਿਊਨਿਟੀ ਨੂੰ ਫਾਇਦਾ ਪਹੁੰਚਾਉਣ ਵਾਲੇ ਪ੍ਰੋਗਰਾਮਾਂ ਦੀ ਰਾਖੀ ਲਈ ਝਗੜਨਾ ਚਾਹੀਦਾ ਹੈ। ਇਸ ਵਿਚ ESL, ਰੇਸ ਰੀਲੇਸ਼ਨ ਪ੍ਰੋਗਰਾਮ, ਮਲਟੀ ਕਲਚਰਲ ਵਰਕਰ ਤੇ ਸਕੂਲ ਕੁਆਰਡੀਨੇਟਰ ਵਰਨਣ ਯੋਗ ਹਨ। ਆਪਣੀ ਪਨੀਰੀ ਤੇ ਕਮਿਊਨਿਟੀ ਦੇ ਭਵਿਖ ਲਈ ਡਟ ਕੇ ਖੜੇ ਹੋ ਜਾਓ। ਸਗੋਂ ਇਹ ਮੰਗ ਕਰੋ ਕਿ ਤੁਹਾਡੇ ਸਕੂਲ ਡਿਸਟਰਿਕਟ ਵਿਚ ਪੰਜਾਬੀ ਪੜ੍ਹਾਈ ਜਾਵੇ। ਹੁਣ ਢਿੱਲ ਮੱਠ ਦਾ ਵੇਲਾ ਨਹੀਂ। ਮੁਫਤ-ਸਵਾਰੀ ਤੇ ਦੂਜਿਆਂ ਦੀ ਝਾਕ ਵਿਚ ਸਮਾਂ ਨਾ ਗਵਾਓ। ਇਹ ਕਿਸੇ ਇਕ ਜਾਂ ਦੋ ਦਾ ਕੰਮ ਨਹੀਂ। ਆਪਣੇ ਆਪਣੇ ਹਲਕੇ ਵਿਚ ਏਜੂਕੇਸ਼ਨ ਕੱਟ ਦੇ ਵਿਰੋਧ ਮੁਜ਼ਾਹਰਿਆਂ ਵਿਚ ਤੇ ਸਕੂਲ ਬੋਰਡ ਦੀਆਂ ਮੀਟਿੰਗਾਂ ਵਿਚ ਆਪਣਾ ਚਿਹਰਾ ਵਿਖਾਓ ਤਾਂ ਇਨ੍ਹਾਂ ਲੋਕਾਂ ਨੂੰ ਪਤਾ ਲੱਗੇ ਕਿ ਅਸੀਂ ਸੁੱਤੇ ਨਹੀਂ ਪਏ ਜਿਊਂਦੇ ਜਾਗਦੇ ਹਾਂ।

ਚਰਨਪਾਲ ਗਿੱਲ

## ਝੂਠੀਆਂ ਗਵਾਹੀਆਂ ਦੇਣ ਵਾਲਿਆਂ ਨੂੰ ਸਖਤ ਸਜ਼ਾਵਾਂ

**ਟਰਾਂਟੋ** - 18 ਅਗਸਤ 1979 ਦੇ ਕੇਸ ਦਾ ਫੈਸਲਾ ਸਥਾਨਕ ਕਾਊਂਟੀ ਕ੍ਰਟ ਵਿੱਚ ਪੰਜਾਂ ਸਾਲਾਂ ਬਾਅਦ ਹੋਇਆ, ਜਿਸ ਵਿੱਚ ਲੜਨ ਵਾਲੇ ਬੰਦੇ ਬਰੀ ਹੋ ਗਏ, ਪਰ ਗਵਾਹੀਆਂ ਦੇਣ ਵਾਲੇ ਸਖਤ ਕੈਦ ਦੀਆਂ ਸਜ਼ਾਵਾਂ ਖਾ ਗਏ।

18 ਅਗਸਤ 1979 ਨੂੰ ਵਰਸਟੀ ਸਟੇਡੀਅਮ ਟਰੰਟੋ ਵਿੱਚ ਫਿਲਮ ਸਟਾਰ ਦਾਰਾ ਸਿੰਘ ਦੀ ਕੁਸ਼ਤੀ ਦਾ ਸ਼ੋਅ ਸੀ। ਦੋ ਵੱਖੋ ਵੱਖਰੇ ਗਰੁੱਪ ਗੁਰਦੁਆਰੇ ਦੀਆਂ ਆਹੁਦੇਦਾਰੀਆਂ ਦੀ ਲਾਗ ਡਾਂਟ ਕਾਰਨ ਆਪਸ ਵਿੱਚ ਲੜ ਪਏ। ਪੁਲਿਸ ਨੇ ਸੱਤ ਵਿਅਕਤੀ ਹਿਰਾਸਤ ਵਿੱਚ ਲੈ ਲਏ। ਸੁਰਜੀਤ ਸਿੰਘ ਗਰੇਵਾਲ ਦੇ ਕਾਫੀ ਸੱਟਾਂ ਲੱਗ ਗਈਆਂ ਸਨ।

ਪ੍ਰੀਤਮ ਸਿੰਘ ਗਰੇਵਾਲ ਨਾਂ ਦਾ ਇਕ ਵਿਅਕਤੀ ਮੌਕੇ ਤੇ ਹਾਜ਼ਰ ਸੀ। ਉਹ ਪੁਲੀਸ ਦਾ ਗਵਾਹ ਬਣ ਗਿਆ ਅਤੇ ਅੱਖੀਂ ਡਿੱਠੀ ਲੜਾਈ ਦੀ ਪੁਲੀਸ ਕੋਲ ਸਟੇਟਮਿੰਟ ਵੀ ਦੇ ਦਿੱਤੀ।

ਸ. ਜਵਾਲਾ ਸਿੰਘ ਗਰੇਵਾਲ ਸਾਬਕਾ ਖਜ਼ਾਨਚੀ ਗੁਰਦੁਆਰਾ ਪੇਪ ਟਰਾਂਟੋ ਇੱਕ ਧੜੇ ਦੀ ਮੱਦਦ ਲਈ ਆ ਗਏ। ਲੜਾਈ ਦੇ ਸਮੇਂ ਭਾਵੇਂ ਉਹ ਉਥੇ ਹਾਜ਼ਰ ਨਹੀਂ ਸਨ ਪਰ ਪੁਲੀਸ ਦੇ ਗਵਾਹ ਉਤੇ ਜ਼ੋਰ ਪਾ ਕੇ ਕੇਸ ਖਰਾਬ ਕਰ ਸਕਦੇ ਹਨ। ਉਹਨਾਂ ਨੇ ਫਰਵਰੀ 1983 ਨੂੰ ਪੁਲੀਸ ਦੇ ਗਵਾਹ ਪ੍ਰੀਤਮ ਸਿੰਘ ਗਰੇਵਾਲ ਨੂੰ ਟੈਲੀਫੂਨ ਕੀਤਾ ਅਤੇ ਆਖਿਆ ਕਿ ਜੇ ਉਹ ਅਦਾਲਤ ਵਿੱਚ ਗਵਾਹੀ ਪਲਟ ਦੇਣ ਤਾਂ ਕੇਸ ਵਿਰੋਧੀਆਂ ਦੇ ਸਿਰ ਪੈ ਸਕਦਾ ਹੈ।

ਪ੍ਰੀਤਮ ਸਿੰਘ ਗਰੇਵਾਲ ਮੰਨ ਗਿਆ ਅਤੇ ਅਦਾਲਤ ਵਿੱਚ ਜਾ ਕੇ ਆਪਣੇ ਪਹਿਲੇ ਬਿਆਨਾਂ ਤੋਂ ਮੁਕਰ ਗਿਆ। ਪੁਲੀਸ ਜਵਾਲਾ ਸਿੰਘ ਗਰੇਵਾਲ ਤੋਂ ਪੁਰਾਣੀ ਵਾਕਫ ਸੀ, ਇਸ ਲਈ ਉਸ ਦੇ ਘਰ ਦਾ ਵਾਕਫ ਸੀ, ਇਸ ਲਈ ਉਸ ਦੇ ਘਰ ਦਾ ਟੈਲੀਫੂਨ ਸਿੱਧਾ ਠਾਣੇ ਨਾਲ ਵੀ ਜੋੜਿਆ ਹੋਇਆ ਸੀ। ਗਵਾਹੀ ਮੁਕਰਾਉਣ ਦੀ ਸਾਰੀ ਸਾਜ਼ਿਸ਼ ਪੁਲੀਸ ਨੇ ਰੀਕਾਰਡ ਕਰ ਲਈ।

ਅਦਾਲਤ ਨੇ ਅਸਲੀ ਦੋਸ਼ੀ ਸ਼ੱਕ ਦੇ ਲਾਭ ਵਿੱਚ ਬਰੀ ਕਰ ਦਿੱਤੇ ਅਤੇ ਪ੍ਰੀਤਮ ਸਿੰਘ ਗਰੇਵਾਲ ਅਤੇ ਜਵਾਲਾ ਸਿੰਘ ਗਰੇਵਾਲ ਨੂੰ ਪਰਜ਼ਰੀ ਦੇ ਦੋਸ਼ਾਂ ਅਧੀਨ ਬੰਨ੍ਹ ਲਿਆ। ਮੁਕੱਦਮੇ ਦੀ ਸੁਣਵਾਈ ਲਗਾਤਾਰ ਅੱਠ ਦਿਨ ਹੋਈ।

ਜਵਾਲਾ ਸਿੰਘ ਗਰੇਵਾਲ ਨੂੰ 18 ਮਹੀਨੇ ਦੀ ਸਖਤ ਕੈਦ ਅਤੇ ਪ੍ਰੀਤਮ ਸਿੰਘ ਗਰੇਵਾਲ ਨੂੰ 14 ਮਹੀਨੇ ਦੀ ਸਖਤ ਕੈਦ ਦੀ ਸਜ਼ਾ ਦਿੱਤੀ ਗਈ। ਸਜ਼ਾਵਾਂ 14 ਜਨਵਰੀ 1985 ਨੂੰ ਹੋਈਆਂ।

## ਇੰਡੀਆ ਗਏ ਭਰਾ ਦਾ ਚੈਕ ਕੈਸ਼ ਕਰਵਾਉਂਦਾ ਗ੍ਰਿਫਤਾਰ

**ਟਰੰਟੋ** - ਵੈਸਟਨ ਗੁਰਦੁਆਰਾ ਕਮੇਟੀ ਦੀ ਐਗਜ਼ੈਕਟਿਵ ਦਾ ਮੈਂਬਰ ਗਿਆਨ ਸਿੰਘ ਲੰਗੇਰੀ ਨੂੰ ਇੱਕ ਮਹੀਨੇ ਦੀ ਜੇਲ੍ਹ ਦੀ ਸਜ਼ਾ ਹੋਈ। ਇਹ ਆਪਣੇ ਭਰਾ ਜੋ ਇੰਡੀਆ ਗਿਆ ਸੀ ਦਾ ਬੇਰੁਜ਼ਗਾਰੀ ਭੱਤੇ ਦਾ ਚੈਕ ਧੋਖੇ ਨਾਲ ਕੈਸ਼ ਕਰਵਾਉਂਦਾ ਫੜਿਆ ਗਿਆ।

ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.

We Do Passport, 5 Mins. Service, Portrait Photos & Weddings



Ph. 321-7020

**THE CANADA DARPAN**
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: BHAV KHANDAN SINGH
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

# ਕੁਕਰਮ ਤੇ ਪਰਦੇ

ਪੱਤਰਕਾਰੀ ਇਕ ਅਜਿਹਾ ਸ਼ੀਸ਼ਾ ਹੈ ਜਿਸ ਵਿਚੋਂ ਪੱਤਰਕਾਰ ਦੀ ਸਖਸ਼ੀਅਤ ਆਪਣੇ ਆਪ ਉਭਰ ਪੈਂਦੀ ਹੈ। ਇਸ ਲਈ ਕਿਸੇ ਵੀ ਪੱਤਰਕਾਰ ਨੂੰ ਇਸ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ਕਿ ਜੋ ਗੱਲ ਉਹ ਕਹਿ ਰਿਹਾ ਹੈ, ਉਸਨੂੰ ਪਾਠਕ ਉਸੇ ਤਰ੍ਹਾਂ ਕਬੂਲ ਕਰ ਲੈਣਗੇ। ਅਜੋਕੀ ਪੱਤਰਕਾਰੀ ਇਹ ਵੀ ਮੰਗ ਕਰਦੀ ਹੈ ਕਿ ਪੱਤਰਕਾਰੀ ਤੱਥਾਂ ਤੇ ਆਧਾਰਤ ਹੋਵੇ। ਕੁਝ ਪੱਤਰਕਾਰ ਇਸ ਭੁਲੇਖੇ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਕਿ ਜੋ ਕੁਝ ਉਹ ਕਹਿ ਰਹੇ ਹਨ, ਲੋਕ ਉਸੇ ਨੂੰ ਸੱਚ ਮੰਨ ਲੈਣਗੇ। ਲੋਕਾਂ ਦੀ ਨਜ਼ਰ ਪੱਤਰਕਾਰ ਨਾਲੋਂ ਕਿਤੇ ਵੱਧ ਪਰਖ ਵਾਲੀ ਹੁੰਦੀ ਹੈ।

ਪਿਛਲੇ ਦਹਾਕੇ ਦੀ ਪੱਤਰਕਾਰੀ ਉਤੇ ਝਾਤ ਮਾਰਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਕੁਝ ਲੋਕਾਂ ਨੇ ਪੱਤਰਕਾਰੀ ਨੂੰ ਸਿਆਸੀ, ਸਮਾਜਕ ਜਾਂ ਆਰਥਿਕ ਆਧਾਰਾਂ ਉਤੇ ਮਿਥਣ ਦੀ ਥਾਂ ਇਸ ਨੂੰ ਏਨਾ ਜ਼ਾਤੀ ਪੱਧਰ ਤੇ ਲੈ ਆਂਦਾ ਹੈ ਕਿ ਉਹ ਆਪਣੇ ਕੁਕਰਮਾਂ ਉਤੇ ਪਰਦਾ ਪਾਉਣ ਲਈ ਇਕ ਨਹੀਂ, ਹਜ਼ਾਰਾਂ ਝੂਠਾਂ ਦਾ ਆਸਰਾ ਲੈਂਦੇ ਹਨ। ਪੰਜਾਬੀ ਪੱਤਰਕਾਰੀ ਰਾਜਨੀਤਕ, ਸਮਾਜਕ ਜਾਂ ਆਰਥਿਕ ਨੀਂਹਾਂ ਤੇ ਖੜ੍ਹੇ ਹੋਣ ਦੀ ਥਾਂ ਏਨੀ ਉਲਾਰ ਹੋ ਗਈ ਹੈ ਕਿ ਸਰਾਸਰ ਝੂਠ ਦਾ ਆਸਰਾ ਲੈ ਕੇ ਇਲਜ਼ਾਮਬਾਜ਼ੀ ਕੀਤੀ ਜਾਂਦੀ ਹੈ। ਰਾਜਸੀ ਪੈਂਤੜਿਆਂ ਦੀ ਥਾਂ ਸਖਸ਼ੀਅਤਾਂ ਪ੍ਰਧਾਨ ਹੋ ਗਈਆਂ ਹਨ। ਰਾਜਸੀ ਵਿਰੋਧੀਆਂ ਨੂੰ ਗ਼ਦਾਰੀ ਦਾ ਤਗਮਾ ਬਿਨਾਂ ਸੋਚੇ ਸਮਝੇ ਦੇ ਦਿਤਾ ਜਾਂਦਾ ਹੈ। ਧਾਰਮਿਕ ਅਤੇ ਸਮਾਜਕ ਸੰਸਥਾਵਾਂ ਉਪਰ ਧੜਿਆਂ ਦੀ ਜਕੜ ਏਨੀ ਪਰਬਲ ਹੋ ਰਹੀ ਹੈ ਕਿ ਆਪਣੇ ਧੜੇ ਨੂੰ ਹਰ ਢੰਗ ਨਾਲ ਸਹੀ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਦੂਜੇ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਕੌਮ ਦੇ ਦੁਸ਼ਮਣ ਗਰਦਾਨਿਆਂ ਜਾਂਦਾ ਹੈ। ਇਹ ਧੜੇ ਪੱਤਰਕਾਰੀ ਦੇ ਰਾਹਾਂ ਵਿਚ ਵੀ ਰੋੜਾ ਅਟਕਾਉਣਾ ਆਪਣਾ ਫਰਜ਼ ਸਮਝਦੇ ਹਨ ਅਤੇ ਹਰ ਜ਼ਾਇਜ਼ ਜਾਂ ਨਜ਼ਾਇਜ਼ ਢੰਗ ਵਰਤਕੇ ਪੱਤਰਕਾਰੀ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤੇ ਪੰਜਾਬੀ ਦੇ ਸਾਡੇ ਪੱਤਰਕਾਰ ਇਹ ਸਮਝਣ ਤੋਂ ਅਸਮਰਥ ਰਹਿੰਦੇ ਹਨ ਕਿ ਪੱਤਰਕਾਰੀ ਦੀ ਇਤਿਹਾਸਕ ਮਹੱਤਤਾ ਮਨੁੱਖਤਾ ਦੇ ਪਹਿਲੂ ਤੋਂ ਹੋਣੀ ਹੈ ਨਾ ਕਿ ਧੜਿਆਂ ਦੀ ਚਮਚਾਗਿਰੀ ਕਰਕੇ।

ਹੁਣ ਤੇ ਨੌਬਤ ਏਥੇ ਤੱਕ ਆ ਰਹੀ ਹੈ ਕਿ ਆਪਣੀ 'ਪੱਤਰਕਾਰੀ' ਦੀ ਧਾਂਕ ਦਰਸਾਉਣ ਲਈ ਝੂਠ ਅਤੇ ਕਪਟ ਦਾ ਆਸਰਾ ਲੈ ਕੇ ਬੇਬੁਨਿਆਦ ਦੋਸ਼ ਦੂਜੇ ਪੱਤਰਕਾਰਾਂ ਤੇ ਮੜ੍ਹੇ ਜਾ ਰਹੇ ਹਨ। ਜਦ ਇਨ੍ਹਾਂ ਦੋਸ਼ਾਂ ਦੀ ਪੜਤਾਲ ਹੁੰਦੀ ਹੈ ਤਾਂ ਅਜਿਹੇ ਪੱਤਰਕਾਰ ਕਚਹਿਰੀਆਂ ਵਿਚ ਸ਼ਰਮਸਾਰ ਹੁੰਦੇ ਹਨ - ਫਿਰ ਪੰਜੀ ਦਸੀ ਲੋਕਾਂ ਤੋਂ ਮੰਗਣ ਤੱਕ ਦੀ ਨੌਬਤ ਆਉਂਦੀ ਹੈ। ਤੇ ਸਾਡੇ ਪੰਜਾਬੀ ਲੋਕ ਏਨੇ ਦਰਿਆ ਦਿਲ ਹਨ ਕਿ ਉਨ੍ਹਾਂ ਲੋਕਾਂ ਨੂੰ ਇਹ ਵੀ ਨਹੀਂ ਪੁੱਛਦੇ ਕਿ ਹੁਣ ਪੰਜੀਆਂ ਦਸੀਆਂ ਮੰਗਦੇ ਹੋ - ਪਹਿਲਾਂ ਹੀ ਝੂਠ ਲਿਖਣ ਤੋਂ ਦਰੇਗ ਕਰ ਲਵੋ। ਬੇਸ਼ਰਮੀ ਦੀ ਹਾਲਤ ਇਥੋਂ ਤੱਕ ਪਹੁੰਚ ਜਾਂਦੀ ਹੈ ਕਿ ਧਰਮ ਦਾ ਨਾਂ ਵਰਤ ਕੇ 'ਦਾਨ' ਮੰਗਿਆ ਜਾਂਦਾ ਹੈ। ਪੂਰੇ ਦੇ ਪੂਰੇ ਟੱਬਰ ਦਾ ਖਰਚ ਸਾਡੇ 'ਦਾਨੀ' ਸੱਜਣ ਜਦ ਪੂਰਾ ਕਰ ਦਿੰਦੇ ਹਨ ਤਾਂ ਉਨ੍ਹਾਂ ਭੱਦਰਪੁਰਸ਼ਾਂ ਨੂੰ ਕੀ ਲੋੜ ਹੈ ਕਿ ਉਹ ਈਮਾਨਦਾਰ ਪੱਤਰਕਾਰੀ ਦੇ ਰਾਹ ਪੈਣ।

ਫਿਰ ਅਜਿਹੀ ਘਟੀਆ ਪੱਤਰਕਾਰੀ ਦੇ ਪੈਰੋਕਾਰ ਆਪਣੇ ਵਰਗੇ ਬੰਦੇ ਕਮਿਊਨਿਟੀ ਵਿਚੋਂ ਹੋਰ ਲੱਭ ਲੈਂਦੇ ਹਨ ਜਿਨ੍ਹਾਂ ਦੇ ਮੋਢਿਆਂ ਤੇ ਬੰਦੂਕਾਂ ਰੱਖਕੇ ਗੋਲੀਆਂ ਦਾਗੀਆਂ ਜਾਂਦੀਆਂ ਹਨ। ਸਰੇ ਬਾਜ਼ਾਰ ਲੋਕ ਇਸ ਝੂਠ ਅਤੇ ਕਪਟ ਦੀ ਨਗਰੀ ਦੀ ਦੁਕਾਨਦਾਰੀ ਦੇ ਦਾਅ-ਪੇਚ ਸਮਝਦੇ ਹੋਏ ਵੀ ਉਸ ਗ਼ਲਾਜ਼ਤ ਨੂੰ ਹਿੱਕਾਂ ਨਾਲ ਲਾਈ ਫਿਰਦੇ ਹਨ। ਇਨ੍ਹਾਂ ਢੀਠ ਕਲਮਾਂ ਵਿਚੋਂ ਸੱਚ ਦੀ ਸਿਆਹੀ ਦੀ ਥਾਂ ਕੂੜ ਦਾ ਪਰਚਾਰ ਦਿਨ-ਬ-ਦਿਨ ਘਟਣ ਦੀ ਥਾਂ ਵਧਦਾ ਜਾ ਰਿਹਾ ਹੈ। ਅਜਿਹੀ ਪੱਤਰਕਾਰੀ ਤੇ ਗੁੱਸੇ ਦਾ ਇਜ਼ਹਾਰ ਕਰਦੇ ਹੋਏ ਵੀ ਤੁਸੀਂ ਤਰਸ ਹੀ ਕਰ ਸਕਦੇ ਹੋ ਕਿ ਕਮਜ਼ੋਰ ਕਲਮਾਂ ਦਾ ਹਸ਼ਰ ਆਖਰ ਇਹ ਹੀ ਹੁੰਦਾ ਹੈ!

---

ਰੁਖਾਂ ਹੇਠਾਂ ਛੁਪ ਕੇ ਕਦ ਤਕ, ਆਪਣਾ ਆਪ ਬਚਾਵੇਂਗਾ।
ਰੰਗਾਂ ਦੀ ਵਾਛੜ ਵਿਚ ਇਕ ਦਿਨ, ਵੇਖ ਲਵੀਂ ਭਿਜ ਜਾਵੇਂਗਾ।

ਬਲਦੀਆਂ ਅੱਖਾਂ, ਬੁੱਝੇ ਖਿਡੌਣੇ, ਸੁੰਨਾ ਵਿਹੜਾ ਆਖ ਰਹੇ,
ਜਾਣ ਸਮੇਂ ਏਨਾ ਤਾਂ ਦਸ ਜਾ, ਕਿਸ ਦਿਨ ਮੁੜ ਘਰ ਆਵੇਂਗਾ।

ਦਿਲ ਦਾ ਸ਼ੀਸ਼ਾ ਤੋੜ ਕੇ ਜਾਵਣ ਵਾਲੇ ਏਨਾ ਭੁੱਲੀਂ ਨਾ,
ਕਿਰਚਾਂ ਹੋਣਗੀਆਂ ਹਰ ਪਾਸੇ ਜਿਸ ਰਸਤੇ ਵੀ ਜਾਵੇਂਗਾ।

---

## ਲੰਗੋਟੀਏ

ਸ੍ਰੀ ਮਾਨ ਜੀ,

ਸਤਿ ਸ੍ਰੀ ਅਕਾਲ।

ਇਕਬਾਲ ਰਾਮੂਵਾਲੀਆ ਹੋਰਾਂ ਦਾ ਲੇਖ ਕਮਾਲ ਦਾ ਹੈ, ਬਾਦਲੀਲ ਤੇ ਸੱਚਾ। ਕਾਂਗਰਸੀ ਅਤੇ ਖਾਲਿਸਤਾਨੀ ਇਕ ਦੂਜੇ ਦੇ ਪੱਕੇ ਹਮੈਤੀ ਹਨ। ਫਸਾਦ ਕਰਾਕੇ ਹਜ਼ਾਰਾਂ ਲੋਕਾਂ ਨੂੰ ਮਾਰਨ ਅਤੇ ਬੇਘਰ ਕਰਨ ਵਾਲੇ ਕਾਂਗਰਸੀ ਖਾਲਿਸਤਾਨੀਆਂ ਦੇ ਸਭ ਤੋਂ ਵੱਡੇ ਪਰਚਾਰਕ। ਖਾਲਿਸਤਾਨੀ ਗਰਮਾ ਗਰਮ ਨਾਅਰੇ ਲਾ ਕੇ, ਕੁਝ ਪਟਾਕੇ ਚਲਾ ਕੇ, ਹਿੰਦੂਆਂ ਵਿਰੁਧ ਜ਼ਹਿਰ ਭਰਿਆ ਪਰਚਾਰ ਕਰਕੇ ਸਾਰੀ ਹਿੰਦੂ ਵੋਟ ਕਾਂਗਰਸ ਦੀ ਝੋਲੀ ਵਿਚ ਪਾ ਦਿੰਦੇ ਹਨ। ਨਤੀਜਾ ਸਮਝਣ ਬਿਨਾਂ ਲੋਕਾ ਦਾ ਕਲਿਆਣ ਨਹੀਂ ਹੋਵੇਗਾ। ਇਹ ਦੋਨੋਂ ਪੱਗ-ਵੱਟ ਭਾਈ ਅਤੇ ਲੰਗੋਟੀਏ ਹਨ।

ਸੁਭਚਿੰਤਕ,
ਕੇਹਰ ਸਿੰਘ, ਡੈਲਟਾ

# ਮੁੱਖਣਨਾਮੇ

## "ਸਿਖ ਧਰਮ" ਹਰ ਆਗੂ ਨੂੰ ਪੜ੍ਹਨਾ ਚਾਹੀਦਾ ਹੈ

ਸ੍ਰੀ ਮਾਨ ਜੀ,

ਜਨਵਰੀ 23-29, 1985 ਦਾ ਪਰਚਾ ਬਹੁਤ ਦਿਲਚਸਪ ਸੀ। ਪ੍ਰੋ. ਹਰਬੰਸ ਸਿੰਘ ਹੋਰਾਂ ਦਾ ਲੇਖ 'ਸਿਖ ਧਰਮ' ਬਹੁਤ ਹੀ ਦਲੀਲ ਭਰਿਆ ਹੈ। ਇਹ ਹਰ ਸਿਖ ਅਤੇ ਖਾਸ ਕਰ ਸਾਡੀ ਕਮਿਊਨਿਟੀ ਦੇ ਆਗੂਆਂ ਨੂੰ ਜ਼ਰੂਰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਜਿਸ ਕਿਸਮ ਦੀ ਜ਼ਹਿਰੀਲੀ ਤੰਗ-ਨਜ਼ਰੀ ਦਾ ਪਰਚਾਰ ਕੁੱਝ ਆਗੂ ਅਤੇ ਅਖਬਾਰ ਏਥੇ ਕਰ ਰਹੇ ਹਨ, ਇਹ ਲੇਖ ਦਸਦਾ ਹੈ ਕਿ ਉਹ ਸਿਖੀ ਨਹੀਂ, ਸਿਖੀ ਦੇ ਐਨ ਉੱਲਟ ਹੈ।

ਸੂਫੀ ਅਮਰਜੀਤ ਦਾ ਲੇਖ "ਚੋਣਾਂ ਵਿਚ ਕਾਂਗਰਸ ਦੀ ਜਿੱਤ" ਅਤੇ ਗੁਰਸ਼ਰਨ ਸਿੰਘ ਹੋਰਾਂ ਦਾ ਲੇਖ "ਵਿਸਫੋਟਕ ਸਥਿਤੀ ਤੋਂ ਬਚਣ ਲਈ ਕੁੱਝ ਸੁਝਾ" ਅੱਜ ਦੇ ਸਮੇਂ ਦਾ ਵਿਸ਼ਲੇਸ਼ਨ ਕਰਕੇ ਬਹੁਤ ਚੰਗੇ ਗੰਭੀਰ ਸੁਝਾਵਾਂ ਨਾਲ ਭਰਪੂਰ ਲਿਖਤਾਂ ਹਨ। ਚੋਣ ਲਈ ਆਪ ਵਧਾਈ ਦੇ ਹੱਕਦਾਰ ਹੋ। ਕੁਝ ਚਿਰ ਤੋਂ ਪਰਚੇ ਵਿਚ ਗਲਤੀਆਂ ਕਾਫੀ ਹੁੰਦੀਆ ਹਨ। ਇਸ ਪਾਸੇ ਧਿਆਨ ਦਿਉ।

ਧੰਨਵਾਦ।

ਆਪ ਦਾ ਪਾਠਕ,
ਗੁਰਮੀਤ ਸਿੰਘ ਗਰਚਾ, ਡੈਲਟਾ

## ਲੋਕਾਂ ਦਾ ਉਜਾੜਾ ਤਕਦੀਰ ਨਹੀਂ ਬੇਰਹਿਮ, ਮੌਕਾ ਤਾੜੂ ਅਤੇ ਫਿਰਕੂ ਪਾਲਸੀਆਂ ਦਾ ਨਤੀਜਾ ਹੈ

ਐਡੀਟਰ ਜੀਓ,

ਸ੍ਰ. ਜਗਦੀਸ਼ ਸਿੰਘ 'ਬਾਂਸਲ' ਦਾ ਲੇਖ ਪੜ੍ਹਿਆ। ਉਨ੍ਹਾਂ ਨੇ ਦਿਲੀ ਦੇ ਫਸਾਦਾਂ ਵਿਚ ਉਜੜੇ ਲੋਕਾਂ ਦੀ ਹਾਲਤ ਦੀ ਬਹੁਤ ਸਹੀ ਅਤੇ ਦਰਦਨਾਕ ਤਸਵੀਰ ਖਿਚੀ ਹੈ। ਕਾਂਗਰਸੀ ਸਰਕਾਰ ਅਤੇ ਗੁੰਡਿਆਂ ਨੇ ਇਨ੍ਹਾਂ ਫਸਾਦਾਂ ਵਿਚ ਬਹੁਤ ਸ਼ਰਮਨਾਕ ਰੋਲ ਅਦਾ ਕੀਤਾ ਹੈ। ਜਿਹੜੇ ਆਗੂ ਇਕ ਧਰਮ ਦੇ ਲੋਕਾਂ ਨੂੰ 'ਸ਼ੇਰ' ਅਤੇ ਦੂਜੇ ਧਰਮ ਵਾਲਿਆਂ ਨੂੰ 'ਬਕਰੀਆਂ' ਦਸਦੇ ਅਤੇ ਹਿੰਸਾ ਦੀ ਖੁੱਲ੍ਹੀ ਵਕਾਲਤ ਕਰਦੇ ਸਨ, ਉਹ ਵੀ ਇਸ ਉਜਾੜੇ ਵਿਚ ਸਰਕਾਰ ਦੇ ਭਾਈਵਾਲ ਹਨ, ਉਨ੍ਹਾਂ ਨੇ ਉਹ ਹਾਲਤ ਪੈਦਾ ਕੀਤੀ ਜਿਸ ਵਿਚ ਸਰਕਾਰ ਅਤੇ ਗੁੰਡੇ ਉਜੜਿਆਂ ਨੂੰ ਮੁੜ ਕੇ ਉਜਾੜ ਸਕੇ। ਲੋਕਾਂ ਦਾ ਇਹ ਉਜਾੜਾ ਤਕਦੀਰ ਨਹੀਂ, ਬੇਰਹਿਮ, ਮੌਕਾ ਤਾੜੂ ਫਿਰਕੂ ਪਾਲਸੀਆਂ ਦਾ ਨਤੀਜਾ ਹੈ।

ਆਪ ਦਾ ਸੁਭਚਿੰਤਕ
ਰੇਸ਼ਮ ਸਿੰਘ, ਵੈਨਕੂਵਰ

ਐਡੀਟਰ ਸਾਹਿਬ,

ਵਾਹਿਗੁਰੂ ਜੀ ਕੀ ਫਤਹਿ।

ਬਦੇਸ਼ਾਂ ਵਿਚਲਾ ਵੱਖਵਾਦੀ ਅੱਤਿਵਾਦੀ ਟੋਲਾ ਕਦੇ ਆਪਣੇ ਆਪ ਨੂੰ ਬਬਰਾਂ ਨਾਲ ਮਿਲਾਉਂਦਾ ਹੈ ਕਦੇ ਗਦਰੀ ਬਾਬਿਆ ਨਾਲ ਇਹ ਤੁਲਣਾ ਮਨੁਖਤਾ ਦੇ ਉਨ੍ਹਾਂ ਨਿਸ਼ਕਾਮ ਸੇਵਕਾਂ ਨਾਲ ਘੋਰ ਬੇਇਨਸਾਫੀ ਹੈ। ਜਿਥੇ ਅੱਜ ਦੇ ਇਹ 'ਲੀਡਰ' ਬਦੇਸ਼ਾਂ ਵਿਚ ਮੌਜਾਂ ਲੈਂਦੇ, ਪੌਡਾਂ ਅਤੇ ਡਾਲਰ ਰੋਲ ਰਹੇ ਹਨ ਅਤੇ ਨਿੱਤ ਦੁਕਾਨਦਾਰ ਤੇ ਕਾਮਯਾਬ ਪੰਜ-ਲੱਖੀਆ ਵਾਂਗ ਅਖਬਾਰਾਂ ਵਿਚ ਪੇਡ (Paid) ਇਸ਼ਤਿਹਾਰ ਛਪਾ ਕੇ ਫੰਡ ਅਪੀਲਾਂ ਕਰਦੇ ਹਨ, ਉਥੇ ਬਬਰ ਅਤੇ ਗਦਰੀ ਬਾਬੇ ਜਾਨ੍ਹਾਂ ਤਲੀ ਉੱਤੇ ਰੱਖ ਕੇ ਵਤਨ ਵਿੱਚ ਆਜ਼ਾਦੀ ਦੀ ਲੜਾਈ ਲੜਦੇ ਰਹੇ ਸਨ। ਗਦਰੀ ਤੇ ਬਬਰ ਲੰਡਨ ਵਿਚ ਵਲੈਤੀ ਪੁਲਸ ਦੇ ਪਹਿਰੇ ਹੇਠ ਲੁਕ ਕੇ ਜਾਨ ਨਹੀਂ ਸਨ ਬਚਾਉਂਦੇ, ਉਹ ਆਪਣੇ ਲੋਕਾਂ ਵਿਚ ਪਰਚਾਰ ਕਰਦੇ, ਉਨ੍ਹਾਂ ਨੂੰ ਜਗਾਉਂਦੇ, ਉਮਰ ਕੈਦਾਂ ਅਤੇ ਫਾਂਸੀਆ ਲਈ ਤਿਆਰ ਰਹਿੰਦੇ ਸਨ। ਇਕੱਠੇ ਕੀਤੇ ਫੰਡਾਂ ਦੇ ਲੱਖਾਂ ਡਾਲਰਾਂ/ਪੌਡਾਂ ਪਿੱਛੇ ਬਦੇਸ਼ੀ ਅਦਾਲਤਾਂ ਵਿਚ ਉਨ੍ਹਾਂ ਦੇ ਮੁਕੱਦਮੇ ਇਕ ਦੂਜੇ ਦੇ ਵਿਰੁਧ ਨਹੀਂ ਚੱਲਦੇ ਸਨ। ਸਗੋਂ ਉਨ੍ਹਾਂ ਦੀਆਂ ਆਪਣੀਆ ਜਾਇਦਾਦਾਂ ਕੁਰਕ ਹੁੰਦੀਆਂ ਸਨ। ਭੋਲੇ ਲੋਕਾਂ ਨੂੰ ਆਪਣੀ ਹੱਡ ਭੰਨਵੀਂ ਕਮਾਈ ਇਨ੍ਹਾਂ 'ਲੀਡਰਾਂ' ਦੀ ਝੋਲੀ ਪਾਉਣ ਲੱਗਿਆਂ ਇਹ ਗੱਲਾਂ ਸੋਚਣੀਆਂ ਚਾਹੀਦੀਆਂ ਹਨ। ਜੋ ਫੰਡ ਇਕੱਠੇ ਕੀਤੇ ਜਾ ਚੁੱਕੇ ਹਨ ਉਨ੍ਹਾਂ ਦਾ ਹਿਸਾਬ ਲੈਣਾ ਚਾਹੀਦਾ ਹੈ। ਨਾਲੇ ਅਖਬਾਰਾਂ ਵਾਲਿਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਫੰਡ ਅਪੀਲਾਂ ਸੇਵਾ ਹਿਤ ਮੁਫਤ ਛਾਪਦੇ ਹਨ ਕਿ ਫੰਡਾਂ ਚੋਂ ਚੋਖਾ ਹਿੱਸਾ ਲੈਂਦੇ ਹਨ।

ਆਪ ਦਾ ਦਾਸ
ਕੇਹਰ ਸਿੰਘ, ਡੈਲਟਾ

## ਉਚ ਪੱਧਰ ਦੀ ਬਹਿਸ ਜ਼ਰੂਰੀ

ਐਡੀਟਰ ਸਾਹਿਬ,

ਉਪਰਲੇ ਸਿਰਲੇਖ ਵਾਲਾ ਉੱਜਲ ਦੁਸਾਂਝ ਹੋਰਾਂ ਦਾ ਲੇਖ ਪੜ੍ਹਿਆ। ਸੁਝਾ ਬਹੁਤ ਚੰਗਾ ਅਤੇ ਸਮੇਂ ਸਿਰ ਹੈ। ਸਾਡੀ ਕਮਿਊਨਿਟੀ ਦੇ ਹਰ ਵਿਚਾਰ ਦੇ ਆਗੂਆ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਨਾਲ ਲੈ ਕੇ, ਉਨ੍ਹਾਂ ਦੀ ਹਾਜ਼ਰੀ ਵਿਚ ਆਪਣਾ ਪੱਖ ਪੇਸ਼ ਕਰਨ। ਵਿਚਾਰ ਵਟਾਂਦਰੇ ਸਮੇਂ, ਬੇਲੋੜੀ ਤਲਖੀ ਅਤੇ ਕੱਟੜਤਾ ਬਿਲਕੁਲ ਨਾ ਵਰਤੀ ਜਾਵੇ। ਗੁਰਮੁਖਾਂ ਵਾਂਗ ਇਕ ਦੂਜੇ ਦੇ ਵਿਚਾਰ ਦਾ ਆਦਰ ਕੀਤਾ ਜਾਵੇ। ਅਜੇਹੇ ਵਿਚਾਰ-ਵਟਾਂਦਰੇ ਦੇ ਬਹੁਤ ਚੰਗੇ ਨਤੀਜੇ ਨਿਕਲ ਸਕਦੇ ਹਨ। ਸੰਕਟ ਦੀ ਏਸ ਘੜੀ ਸਾਨੂੰ ਇਸਦਾ ਬਹੁਤ ਲਾਭ ਹੋਵੇਗਾ।

ਚਰਨਜੀਤ ਸਿੰਘ ਗਿੱਲ, ਸਰੀ

## ਹਰਦੇਵ ਵੜੈਚ ਦੀ ਬੁਖਲਾਹਟ

ਪਿਛਲੇ ਕੁਝ ਸਮੇਂ ਤੋਂ ਇਕ ਅਖੌਤੀ ਲੇਖਕ ਹਰਦੇਵ ਵੜੈਚ ਨੇ ਪੰਜਾਬੀ ਦੇ ਪ੍ਰਸਿਧ ਲੇਖਕ ਸ੍ਰੀ ਗੁਰਚਰਨ ਰਾਮਪੁਰੀ ਉਪਰ ਜ਼ਾਤੀ ਚਿੱਕੜ ਸੁਟਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਅਤੇ ਇਸ ਵਿਚ ਸ੍ਰੀ ਵੜੈਚ ਨੇ ਇੰਟਰਨੈਸ਼ਨਨ ਪੰਜਾਬੀ ਲਿਟਰੇਰੀ ਟਰੱਸਟ(ਕੈਨੇਡਾ) ਦੇ ਨਾਂ ਨੂੰ ਵੀ ਵਿਚ ਘੜੀਸਣ ਦਾ ਕੋਝਾ ਯਤਨ ਕੀਤਾ ਹੈ। ਇਸ ਲਈ ਜ਼ਰੂਰੀ ਹੈ ਕਿ ਪਾਠਕਾਂ ਨੂੰ ਟਰਸਟ ਬਾਰੇ ਕੁਝ ਤੱਥਾਂ ਦੀ ਜਾਣਕਾਰੀ ਦਿਤੀ ਜਾਵੇ।

ਮਨਜੀਤ ਮੈਮੋਰੀਅਲ ਐਵਾਰਡ 1980 ਵਿਚ ਸਥਾਪਤ ਕੀਤਾ ਗਿਆ ਸੀ ਅਤੇ ਇਹ ਪਹਿਲਾ ਐਵਾਰਡ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਜੋਕੇ ਪ੍ਰਧਾਨ ਅਤੇ ਪ੍ਰਸਿਧ ਪੰਜਾਬੀ ਲੇਖਕ ਪ੍ਰੋ: ਸੰਤ ਸਿੰਘ ਸੇਖੋਂ ਨੂੰ ਦਿਤਾ ਗਿਆ। ਇਹ ਕੈਨੇਡਾ ਵਿਚ ਸਥਾਪਤ ਹੋਇਆ ਪਹਿਲਾ ਐਵਾਰਡ ਸੀ। ਪਰ ਪਹਿਲੇ ਸਾਲ ਹੀ ਜਿਸ ਸੰਸਥਾ ਦੇ ਨਾਂ ਥੱਲੇ ਇਹ ਦਿਤਾ ਗਿਆ ਉਸਦੇ ਕੁਝ ਅਧਿਕਾਰੀਆਂ ਨੇ ਇਸ ਐਵਾਰਡ ਦੇ ਨਾਂ ਨੂੰ ਵਰਤ ਕੇ ਅਜਿਹੀਆਂ ਕਾਰਵਾਈਆਂ ਕੀਤੀਆਂ ਜਿਨ੍ਹਾਂ ਕਾਰਨ ਇਸ ਐਵਾਰਡ ਲਈ ਨਵੀਂ ਕਮੇਟੀ ਦਾ ਪੁਨਰ-ਗਠਨ ਕੀਤਾ ਗਿਆ ਜਿਸ ਵਿਚ ਇੰਗਲੈਂਡ ਤੋਂ ਸ੍ਰੀ ਰਘਬੀਰ ਢੰਡ ਤੇ ਜਗਤਾਰ ਢਾਅ, ਕੀਨੀਆਂ ਤੋਂ ਅਜਾਇਬ ਕਮਲ, ਜ਼ਿੰਮਾਬੇ ਤੋਂ ਸ੍ਰੀ ਇਕਬਾਲ ਅਰਪਨ, ਭਾਰਤ ਤੋਂ ਸ੍ਰੀ ਰਘਬੀਰ ਸਿੰਘ(ਸੰਪਾਦਕ : ਸਿਰਜਣਾ) ਅਤੇ ਕੈਨੇਡਾ ਤੋਂ ਸ੍ਰੀ ਗੁਰਚਰਨ ਰਾਮਪੁਰੀ ਅਤੇ ਦਰਸ਼ਨ ਗਿੱਲ ਸ਼ਾਮਲ ਹਨ। ਅਗਲੇ ਸਾਲ ਇਸ ਵਿਚ ਭਾਰਤ ਤੋਂ ਪੰਜਾਬੀ ਕਹਾਣੀਕਾਰ ਸ੍ਰੀ ਗੁਰਬਚਨ ਸਿੰਘ ਭੁੱਲਰ ਅਤੇ ਪ੍ਰੋ: ਦਰਸ਼ਨ ਨੱਤ ਸ਼ਾਮਲ ਕੀਤੇ ਗਏ।

1981 ਵਿਚ ਇਹ ਐਵਾਰਡ ਕੈਨੇਡਾ ਦੇ ਪ੍ਰਸਿਧ ਨਾਵਲਿਸਟ ਸ: ਕੇਸਰ ਸਿੰਘ ਨੂੰ ਦਿਤਾ ਗਿਆ। 1982 ਵਿਚ ਪ੍ਰਸਿਧ ਪੱਤਰਕਾਰ ਅਤੇ ਦੇਸ਼ ਭਗਤ ਸਾਹਿਤਕਾਰ ਸ: ਸੋਹਨ ਸਿੰਘ ਜੋਸ਼ ਨੂੰ, 1983 ਵਿਚ ਪ੍ਰਸਿਧ ਪੰਜਾਬੀ ਕਵੀ ਤੇ ਕਹਾਣੀਕਾਰ ਸ੍ਰੀ ਸੰਤੋਖ ਸਿੰਘ ਧੀਰ ਨੂੰ ਅਤੇ 1984 ਲਈ ਨਾਟਕਕਾਰ ਸ: ਗੁਰਸ਼ਰਨ ਸਿੰਘ ਨੂੰ, ਜੋ ਫਰਵਰੀ ਦੇ ਅੰਤਲੇ ਸਪਤਾਹ ਅੰਮ੍ਰਿਤਸਰ ਵਿਖੇ ਦਿਤਾ ਜਾ ਰਿਹਾ ਹੈ।

ਇਸ ਐਵਾਰਡ ਵਿਚ 500 ਡਾਲਰ ਦਾ ਨਕਦ ਇਨਾਮ ਦਿਤਾ ਜਾਂਦਾ ਹੈ ਅਤੇ ਐਵਾਰਡ ਜਿੱਤਣ ਵਾਲੇ ਲੇਖਕ ਦੀ ਪੰਜਾਬੀ ਸਾਹਿਤ ਨੂੰ ਸਮੁੱਚੀ ਦੇਣ ਦਾ ਮੁਲਾਂਕਣ ਪੁਸਤਕ ਰੂਪ ਵਿਚ ਛਾਪਿਆ ਜਾਂਦਾ ਹੈ। 'ਦਰਪਣ'(ਤ੍ਰੈਮਾਸਕ) ਦੇ ਵਿ ਸ਼ੇਸ਼ ਅੰਕ ਸ: ਕੇਸਰ ਸਿੰਘ ਨਾਵਲਿਸਟ ਅਤੇ ਸੋਹਨ ਸਿੰਘ ਜੋਸ਼ ਛਾਪੇ ਗਏ। ਟਰੱਸਟ ਵਲੋਂ ਪੰਜਾਬੀ ਸਾਹਿਤ ਵਿਚ ਯੋਗਦਾਨ ਵਜੋਂ ਗੁਰਬਚਨ ਸਿੰਘ ਭੁੱਲਰ ਵਲੋਂ ਸੰਪਾਦਤ ਪੁਸਤਕਾਂ - ਸੋਹਨ ਸਿੰਘ ਜੋਸ਼ ਅਤੇ ਸੰਤੋਖ ਸਿੰਘ ਧੀਰ ਛਾਪੀਆਂ ਗਈਆਂ ਹਨ। ਗੁਰਸ਼ਰਨ ਸਿੰਘ ਹੋਰਾਂ ਤੇ ਪੁਸਤਕ ਅੰਮ੍ਰਿਤਸਰ ਵਿਚ ਰੀਲੀਜ਼ ਕੀਤੀ ਜਾ ਰਹੀ ਹੈ। ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ ਵਲੋਂ ਨਸਲਵਾਦ - ਵਿਰੋਧੀ ਕਵਿਤਾਵਾਂ ਦਾ ਸੰਗ੍ਰਹਿ 'ਬਲਦੇ ਬੋਲ' ਛਾਪਿਆ ਜਾ ਚੁਕਾ ਹੈ।

ਹਰਦੇਵ ਵੜੈਚ ਦੀ ਜਾਣਕਾਰੀ ਲਈ ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਇਹ ਸਾਰੇ ਪ੍ਰਯੋਜਨ ਸ੍ਰੀ ਗੁਰਚਰਨ ਰਾਮਪੁਰੀ ਦੀ ਚੇਅਰਮੈਨਸ਼ਿਪ ਥੱਲੇ ਪਿਛਲੇ ਪੰਜ ਸਾਲ ਤੋਂ ਨੇਪਰੇ ਚੜ੍ਹੇ ਹਨ। ਇਨ੍ਹਾਂ ਠੋਸ ਸਾਹਿਤਕ ਕੰਮਾਂ ਦਾ ਸਾਰਾ ਸਿਹਰਾ ਸ੍ਰੀ ਗੁਰਚਰਨ ਰਾਮਪੁਰੀ ਵਰਗੇ ਸੁੱਘੜ ਅਤੇ ਸੁਚੱਜੇ ਲੇਖਕ ਉਤੇ ਨਿਰਭਰ ਰਿਹਾ ਹੈ।

ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ ਦਾ ਪਹਿਲਾ ਸਮਾਗਮ ਵੈਨਕੂਵਰ ਵਿਚ 1981 ਵਿਚ ਬ੍ਰਿਟੇਨੀਆ ਕਮਿਊਨਿਟੀ ਸੈਂਟਰ ਵਿਚ ਹੋਇਆ ਸੀ ਜਿਸ ਵਿਚ 250 ਦੇ ਲਗਪਗ ਸਾਹਿਤਕ-ਪ੍ਰੇਮੀ ਸਨ ਅਤੇ ਸ੍ਰੀ ਵੜੈਚ ਜੀ ਤੁਹਾਡੇ ਅਤੇ ਤੁਹਾਡੇ ਵਰਗੇ ਹੋਰ 'ਕਾਗਜ਼ੀ ਸ਼ੇਰਾਂ' ਦੇ ਸਮਾਗਮ ਨੂੰ ਵੇਖਕੇ ਉੱਝ ਹੀ ਦੰਦਲਾਂ ਪੈ ਗਈਆਂ ਸਨ। ਸ੍ਰੀ ਸੋਹਨ ਸਿੰਘ ਜੋਸ਼ ਦਾ ਯਾਦਗਾਰੀ ਸਮਾਗਮ ਅੰਮ੍ਰਿਤਸਰ ਵਿਚ 1983 ਜਨਵਰੀ ਵਿਚ ਸ਼ਹਿਜ਼ਾਦਾ ਨੰਦ ਕਾਲਜ ਵਿਚ ਹੋਇਆ ਸੀ ਤਾਂ ਉਸ ਵਿਚ 350 ਸਰੋਤੇ ਸਨ, ਉਥੇ ਵੀ ਤੁਹਾਡੇ ਵਰਗੇ ਅਖੌਤੀ ਲੇਖਕਾਂ ਨੂੰ ਚਿੜ੍ਹ ਚੜ੍ਹੀ ਸੀ। 1983 ਦੀ 18 ਦਸੰਬਰ ਆਰਟ ਸਕੂਲ ਚੰਡੀਗੜ੍ਹ ਵਿਚ ਸੰਤੋਖ ਸਿੰਘ ਧੀਰ ਦੇ ਸਮਾਗਮ ਸਮੇਂ ਚੰਡੀਗੜ੍ਹ ਸਾਹਿਤ ਸਭਾ ਨੇ ਆਪਣਾ ਵਿਸ਼ੇਸ਼ ਸਮਾਗਮ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ ਦੇ ਨਾਲ ਜੋੜਿਆ ਸੀ ਜਿਸ ਵਿਚ 300 ਸਾਹਿਤ-ਪ੍ਰੇਮੀ ਸ਼ਾਮਲ ਸਨ।

ਇਸ ਟਰਸਟ ਵਿਚ ਸ੍ਰੀ ਵੜੈਚ ਸਾਹਿਬ ਕਿਸੇ ਅਖੌਤੀ ਲੇਖਕ ਲਈ ਕੋਈ ਥਾਂ ਨਹੀਂ। ਨਾ ਉਨ੍ਹਾਂ ਲੋਕਾਂ ਲਈ ਹੀ ਥਾਂ ਹੈ ਜੋ ਪੰਜ ਪੰਜ ਬੰਦਿਆਂ ਦੇ 'ਸਮਾਗਮ' ਕਰਕੇ ਘਰਾਂ ਵਿਚ ਬੈਠੇ ਲੋਕਾਂ ਦੇ ਹੀ ਨਾਂ ਲਿਖ ਦਿੰਦੇ ਹਨ ਕਿ ਉਹ 'ਸਮਾਗਮ' ਵਿਚ ਹਾਜ਼ਰ ਸਨ। ਇਹ ਗੱਲਾਂ ਕੇਵਲ 'ਕਾਗਜ਼ੀ ਸ਼ੇਰਾਂ' ਨੂੰ ਹੀ 'ਸ਼ੋਭਾ' ਦਿੰਦੀਆਂ ਹੋਣਗੀਆਂ ਜਿਨ੍ਹਾਂ ਦਾ ਲਖਸ਼ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਨਹੀਂ, ਸਗੋਂ ਨਫਰਤ ਦਾ ਪ੍ਰਚਾਰ ਕਰਨਾ, ਜ਼ਾਤੀ ਚਿੱਕੜ ਸੁਟਣਾ, ਈਰਖਾ ਵਿਚ ਅੰਨ੍ਹੇ ਹੋ, ਉਘ ਦੀਆਂ ਪਤਾਲ ਮਾਰੀ ਜਾਣਾ ਹੈ।

ਅਸਲ ਵਿਚ ਸ੍ਰੀ ਵੜੈਚ ਸਾਹਿਬ ਤੁਸੀਂ ਜ਼ਾਤੀ ਵਿਰੋਧਤਾ ਵਿਚ ਇਸ ਕਰਕੇ ਏਨੇ ਅੰਨ੍ਹੇ ਹੋ ਗਏ ਹੋ ਕਿ ਤੁਹਾਡੀ ਅਤੇ ਤੁਹਾਡੇ 'ਵਫਾਦਾਰ ਕਾਂਗਰਸੀ ਦੋਸਤ' ਦੀ ਅਖੌਤੀ ਸਭਾ ਵਿਚ ਵੈਨਕੂਵਰ ਦਾ ਕੋਈ ਤੀਜਾ ਲੇਖਕ ਸ਼ਾਮਲ ਨਹੀਂ ਹੈ ਅਤੇ ਸ੍ਰੀ ਗੁਰਚਰਨ ਰਾਮਪੁਰੀ ਵੈਨਕੂਵਰ ਦੇ ਪੰਜਾਬੀ ਲੇਖਕਾਂ ਵਿਚ ਏਨੇ ਹਰਮਨ ਪਿਆਰੇ ਹਨ ਕਿ ਉਹ ਅਜੇ ਵੀ ਇਸ ਦੇ ਕੁਆਰਡੀਨੇਟਰ ਹਨ।

**ਅੰਤ ਵਿਚ ਮੈਂ ਇਕ ਸਵਾਲ ਤੁਹਾਨੂੰ ਜ਼ਰੂਰ ਪੁਛਣਾ ਚਾਹਾਂਗਾ - ਕੀ ਕਿਰਪਾ ਕਰਕੇ ਤੁਸੀਂ ਵੈਨਕੂਵਰ ਦੇ ਸਾਹਿਤ ਪ੍ਰੇਮੀਆਂ ਨੂੰ ਇਹ ਜਾਣਕਾਰੀ ਦੇ ਸਕੋਗੇ - ਕਿ ਜਿਸ 'ਸਭਾ' ਦੇ ਨਾਂ ਉਤੇ ਤੁਸੀਂ ਕਬਜ਼ਾ ਜਾਰੀ ਰੱਖਿਆ ਹੋਇਆ ਹੈ - ਉਸ ਸਭਾ ਦੇ ਕਿਹੜੇ ਕਿਹੜੇ ਮੈਂਬਰ ਹਨ, ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ, ਉਨ੍ਹਾਂ ਦੀਆਂ ਪੁਸਤਕਾਂ ਦਾ ਕੀ ਵੇਰਵਾ ਹੈ, ਉਹ ਪੁਸਤਕਾਂ ਕਿਹੜੇ ਪ੍ਰਕਾਸ਼ਕ ਤੋਂ ਮਿਲ ਸਕਦੀਆਂ ਹਨ ?**

ਵੜੈਚ ਸਾਹਿਬ, ਉਹ ਵਕਤ ਗੁਜ਼ਰ ਗਿਆ ਹੈ, ਜਦੋਂ ਤੁਸੀਂ ਹਵਾ ਵਿਚ ਤਲਵਾਰਾਂ ਮਾਰਕੇ ਪੰਜਾਬੀ ਲੋਕਾਂ ਨੂੰ ਭੁਲੇਖੇ ਵਿਚ ਪਾ ਸਕਦੇ ਸੋ, ਏਥੇ ਤਾਂ ਠੋਸ ਸੱਚ ਦੇ ਆਧਾਰ ਤੇ ਨਿਤਾਰੇ ਹੁੰਦੇ ਹਨ, ਏਸੇ ਕਾਰਨ ਸਾਹਿਤ ਜਿਉਂਦਾ ਹੈ।

**ਦਰਸ਼ਨ ਗਿੱਲ**
**ਜਨਰਲ ਸਕੱਤਰ**
**ਇੰਟਰ ਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ)**

ਭਾਰਤ ਦਰਪਣ

## ਭਜਨ ਲਾਲ ਦੀ 'ਮਹਾਂ ਪੰਜਾਬ' ਦੀ ਤਜਵੀਜ਼ ਅਕਾਲੀਆਂ ਵੱਲੋਂ ਰੱਦ

**ਲੁਧਿਆਣਾ** - ਅਕਾਲੀ ਲੀਡਰਾਂ ਠੇਕੇਦਾਰ ਸੁਰਜਨ ਸਿੰਘ ਅਤੇ ਸ. ਪ੍ਰੇਮ ਸਿੰਘ ਲਾਲਪੁਰਾ ਨੇ ਚੌਧਰੀ ਭਜਨ ਲਾਲ ਦੀ ਇਹ ਤਜਵੀਜ਼ ਸ਼ਰਾਰਤ ਭਰਪੂਰ ਕਹਿ ਕੇ ਰੱਦ ਕਰ ਦਿੱਤੀ ਹੈ, ਕਿ ਹਰਿਆਣਾ ਪੰਜਾਬ ਅਤੇ ਹਿਮਾਚਲ ਨੂੰ ਮਿਲਾ ਕੇ "ਮਹਾਂ ਪੰਜਾਬ" ਬਣਾ ਦਿੱਤਾ ਜਾਵੇ ।

ਉਹਨਾਂ ਕਿਹਾ ਕਿ ਰਾਜੀਵ ਗਾਂਧੀ ਦੇ ਇਸ਼ਾਰੇ ਤੇ ਭਜਨ ਲਾਲ ਨੇ ਇਹ ਗੱਲ ਚੁੱਕੀ ਹੈ ।

ਹਰਿਆਣੇ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇ ਕੇ ਬਾਕੀ ਦਾ ਹਰਿਆਣਾ ਦਿੱਲੀ ਜਾਂ ਯੂ. ਪੀ. ਨਾਲ ਮਿਲਾ ਦੇਣਾ ਚਾਹੀਦਾ ਹੈ। ਜਲੰਧਰ ਦੇ ਵਿਉਪਾਰ ਮੰਡਲ, ਚੰਡੀਗੜ੍ਹ ਦੇ ਐਮ. ਪੀ. ਜਗਨ ਨਾਥ ਕੌਸ਼ਲ ਆਦਿ ਨੇ ਤਜਵੀਜ਼ ਦੀ ਸਰਾਹਣਾ ਕੀਤੀ। ਸ. ਉਮਰਾਓ ਸਿੰਘ ਨੇ ਕਿਹਾ, ਕਿ ਕੀ ਭਜਨ ਲਾਲ ਮਹਾਂ ਪੰਜਾਬ ਵਿੱਚ ਪੰਜਾਬੀ ਨੂੰ ਮੁੱਖ ਜ਼ਬਾਨ ਮੰਨੇਗਾ?"

ਹੈਡ ਗਰੰਥੀ ਸਾਹਿਬਾਨ ਨੇ ਹੁਕਮਨਾਮਾ ਜਾਰੀ ਕੀਤਾ ਕਿ ਪੰਥ ਨਾਜ਼ੁਕ ਸਮੇਂ 'ਚੋਂ ਲੰਘ ਰਿਹਾ ਹੈ, ਇਸ ਲਈ ਕੋਈ ਵੀ ਸਿੱਖ ਲੀਡਰ ਆਪਣੇ ਵੱਲੋਂ ਕਿਸੇ ਕਿਸਮ ਦਾ ਬਿਆਨ ਨਾ ਦੇਵੇ ।

## 'ਮਹਾਂ ਪੰਜਾਬ' ਦੀ ਗੱਲ ਖਤਰਨਾਕ - ਨਬੂਦਰੀਪਾਦ

**ਦਿੱਲੀ** - ਭਾਰਤ ਦੀ ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਮਿ. ਈ. ਐਮ. ਐਸ. ਨਬੂਦਰੀਪਾਦ ਨੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਅਤੇ ਹੋਰ ਕਈ ਕਾਂਗਰਸ ਆਈ ਦੇ ਲੀਡਰਾਂ ਵੱਲੋਂ ਵਿਸ਼ਾਲ ਪੰਜਾਬ ਬਣਾਏ ਜਾਣ ਦੇ ਸੁਝਾਅ ਦੀ ਨਿਖੇਧੀ ਕੀਤੀ ਹੈ । ਉਹਨਾਂ ਆਖਿਆ ਕਿ ਇੰਜ ਕਰਨ ਨਾਲ ਪੰਜਾਬ ਦੀ ਸਮੱਸਿਆ ਹੋਰ ਵੀ ਉਲਝ ਜਾਏਗੀ ।

ਸ੍ਰੀ ਨਬੂਦਰੀਪਾਦ ਨੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਵਿਸ਼ਾਲ ਪੰਜਾਬ ਦੇ ਸੁਝਾਅ ਦੀ ਹਾਲੀ ਤੀਕ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕੋਈ ਨਿਖੇਧੀ ਨਹੀਂ ਕੀਤੀ ।

## ਸਿੱਖਾਂ ਦੇ ਕਤਲੇਆਮ ਬਾਰੇ ਰੋਸ-ਜਲੂਸ

**ਨਵੀਂ ਦਿੱਲੀ** - ਆਲ ਇੰਡੀਆ ਸਿੱਖ ਕਾਨਫਰੰਸ ਦੇ ਮੈਂਬਰਾਂ, ਜਿੰਨ੍ਹਾਂ ਵਿੱਚ ਮਰਦ, ਔਰਤਾਂ ਤੇ ਬੱਚੇ ਵੀ ਸ਼ਾਮਲ ਸਨ, ਨੇ ਲੋਕ ਸਭਾ ਅੱਗੇ ਸਿਰਾਂ ਤੇ ਕਾਲੀਆਂ ਪੱਗਾਂ, ਮੂੰਹ ਤੇ ਕਾਲੀਆਂ ਪੱਟੀਆਂ ਅਤੇ ਹੱਥ ਪਿੱਠ ਪਿਛੇ ਕਰਕੇ ਇਕ ਰੋਸ ਮਾਰਚ ਕੀਤਾ । ਬਲਰਾਮ ਜਾਖੜ ਨੂੰ ਮਿਲ ਕੇ ਉਹਨਾਂ ਦਿੱਲੀ ਵਿਖੇ ਸਿੱਖਾਂ ਦੇ ਹੋਏ ਕਤਲੇਆਮ ਅਤੇ ਜਾਇਦਾਦ ਦੇ ਨੁਕਸਾਨ ਦੀ ਅਦਾਲਤੀ ਜਾਂਚ ਦੀ ਮੰਗ ਕੀਤੀ ।

## ਰਾਜੀਵ ਗਾਂਧੀ ਮਈ ਮਹੀਨੇ 'ਚ ਰੂਸ ਜਾਏਗਾ ।

**ਨਵੀਂ ਦਿੱਲੀ** - ਭਾਰਤ ਦਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਇਸ ਮਈ ਦੀ 16 ਤਰੀਕ ਤੋਂ 19 ਮਈ ਤੱਕ ਸੋਵੀਅਤ ਰੂਸ ਦੀ ਸਰਕਾਰੀ ਯਾਤਰਾ ਉਤੇ ਜਾਣਗੇ। ਇਸ ਮਗਰੋਂ ਜੂਨ ਵਿੱਚ ਉਹ ਫਰਾਂਸ ਅਤੇ ਅਮਰੀਕਾ ਦੇ ਸਰਕਾਰੀ ਦੌਰੇ ਤੇ ਜਾਏਗਾ ।

ਅਮਰੀਕਾ ਜਾਣੀ ਤੋਂ ਪਹਿਲਾਂ ਉਹਨਾਂ ਦੇ ਰੂਸ ਜਾਣ ਦੇ ਫੈਸਲੇ ਨੂੰ ਇੱਥੇ ਦੇ ਸਿਆਸੀ ਹਲਕੇ ਬੜੀ ਮਹੱਤਤਾ ਦੇ ਰਹੇ ਹਨ । ਉਹ ਸਮਝਦੇ ਹਨ ਕਿ ਸ੍ਰੀਮਤੀ ਗਾਂਧੀ ਵਾਂਗ ਰਾਜੀਵ ਗਾਂਧੀ ਵੀ ਇਹ ਪ੍ਰਗਟ ਕਰਨਾ ਚਾਹੁੰਦੇ ਹਨ ਕਿ ਰੂਸ ਭਾਰਤ ਦੇ ਵਧੇਰੇ ਨਜ਼ਦੀਕ ਹੈ ।


**ਐਡਵਰਟਾਇਜਮਿੰਟ ਲਈ ਫੋਨ ਕਰੋ - ਭਵਖੰਡਨ 324-4381**


## ਵਿਸ਼ੇਸ਼ ਅਦਾਲਤਾਂ ਵੱਲੋਂ ਮੁਕੱਦਮੇ ਅੱਗੇ ਪਾ ਦਿੱਤੇ

**ਜੋਧਪੁਰ (ਰਾਜਿਸਥਾਨ)** - ਪੰਜਾਬ ਦੇ 379 ਕਥਿਤ ਅਤਿਵਾਦੀਆਂ ਉਤੇ ਵਿਸ਼ੇਸ਼ ਅਦਾਲਤਾਂ ਵਿੱਚ ਚਲਾਏ ਜਾ ਰਹੇ ਮੁਕੱਦਮੇ ਫਰਵਰੀ ਦੇ ਪਹਿਲੇ ਹਫਤੇ 'ਤੇ ਪਾ ਦਿੱਤੇ ਗਏ ਹਨ ।

ਅਕਾਲੀ ਦਲ ਨੇ ਕਿਹਾ ਹੈ ਕਿ ਵਿਸ਼ੇਸ਼ ਅਦਾਲਤਾਂ, ਅੰਗਰੇਜ਼ਾਂ ਦੇ ਰੋਲਟ ਐਕਟ ਨਾਲੋਂ ਵੀ ਵੱਧ ਘਿਨਾਉਣੀਆਂ ਹਨ, ਸੋ ਇਹਨਾਂ ਵਿਰੁੱਧ ਰਿਟਾਂ ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਦਾਇਰ ਕੀਤੀਆਂ ਗਈਆਂ ਹਨ। ਜਦੋਂ ਤੱਕ ਫੈਸਲੇ ਨਹੀਂ ਆ ਜਾਂਦੇ, ਕਾਰਵਾਈ ਰੋਕੀ ਜਾਵੇ ।

## ਭੂਪਾਲ ਦੇ ਲੋਕਾਂ ਲਈ ਸਹਾਇਤਾ

**ਨਵੀਂ ਦਿੱਲੀ** — ਯੂ. ਐਨ. ਆਈ. ਦੀ ਖਬਰ ਅਨੁਸਾਰ ਭੂਪਾਲ ਦੇ ਜ਼ਹਿਰੀਲੀ ਗੈਸ ਦੇ ਪੀੜਤ ਲੋਕਾਂ ਨੂੰ ਪ੍ਰਧਾਨ ਮੰਤਰੀ ਦੇ ਕੌਮੀ ਫੰਡ ਵਿਚੋਂ ਇਕ ਕਰੋੜ ਰੁਪਏ ਦੀ ਪ੍ਰਵਾਨਗੀ ਦਿਤੀ ਗਈ ਹੈ। ਇਸ ਤੋਂ ਪਹਿਲਾਂ 32 ਲੱਖ ਰੁਪਏ ਦੀ ਸਹਾਇਤਾ ਪੀੜਤ ਲੋਕਾਂ ਨੂੰ ਦਿਤੀ ਜਾ ਚੁਕੀ ਹੈ । ਯਾਦ ਰਹੇ ਕਿ ਇਸ ਜ਼ਹਿਰੀਲੀ ਗੈਸ ਕਾਰਨ 2500 ਵਿਅਕਤੀ ਬੱਚੇ ਤੇ ਔਰਤਾਂ ਮਾਰੇ ਗਏ ਸਨ ।

### ਪੱਤਰਕਾਰਾਂ ਲਈ ਬੋਰਡ

ਕੇਂਦਰ ਸਰਕਾਰ ਪੱਤਰਕਾਰਾਂ ਲਈ ਨਵਾਂ ਵੇਜ ਬੋਰਡ ਬਿਠਾਉਣ ਦੀ ਮੰਗ ਉੱਤੇ ਵਿਚਾਰ ਕਰ ਰਹੀ ਹੈ । ਇਹ ਜਾਣਕਾਰੀ ਕੇਂਦਰੀ ਕਿਰਤ ਮੰਤਰੀ ਟੀ. ਅੰਜੀਹਾ ਨੇ ਦਿਤੀ ਹੈ। ਉਨ੍ਹਾਂ ਇਹ ਵੀ ਦਸਿਆ ਕਿ ਐਮਰਜੈਂਸੀ ਵਿਚ ਔਰਤਾਂ ਨੂੰ ਰਾਤ ਦੀ ਡਿਊਟੀ ਉਤੇ ਬੁਲਾਏ ਜਾਣ ਬਾਰੇ ਸਬੰਧਿਤ ਸੰਸਥਾਵਾਂ ਦੇ ਮਾਲਕਾਂ ਅਤੇ ਮੁਲਾਜ਼ਮਾਂ ਨਾਲ ਸਲਾਹ ਕਰਕੇ ਪਾਬੰਦੀ ਖਤਮ ਕੀਤੀ ਜਾ ਰਹੀ ਹੈ।

—ਯੂ. ਐਨ. ਆਈ.

### ਸੁਪਰੀਮ ਕੋਰਟ ਦਾ ਨਵਾਂ ਬੈਂਚ ਨਹੀਂ

ਨਵੀਂ ਦਿੱਲੀ, (ਯੂ. ਐਨ. ਆਈ.)—ਕਾਨੂੰਨ ਮੰਤਰੀ ਸ੍ਰੀ ਏ. ਕੇ. ਸੇਨ ਨੇ ਅਜ ਲੋਕ ਸਭਾ ਵਿਚ ਦੱਸਿਆ ਕਿ ਦੱਖਣੀ ਭਾਰਤ ਵਿਚ ਸੁਪਰੀਮ ਕੋਰਟ ਦਾ ਇਕ ਬੈਂਚ ਸਥਾਪਤ ਕਰਨ ਦਾ ਕੋਈ ਵਿਚਾਰ ਨਹੀਂ ।







GURU BAZAAR
6529 Main St. (49th Ave.)
Vancouver, B.C.
Ph: 327-4422

SALE

Printed Suit 4½ Yard &
Printed Matching Chuni 2¼ Yard
$9.99

Chuni Wale Suit $16.00

Chesterfield De Cover
Plain & Printed 60″
Has Arrived

SALE






ROKKO SAREES &
FABRICS
6201 Fraser St.(46th Ave.)
Vancouver, B.C.
Ph: 327-3033






ਜਿਹਨਾਂ ਸਿੱਖ ਟੱਬਰਾਂ ਦੇ ਘਰ ਘਾਟ ਫੂਕ ਦਿੱਤੇ ਗਏ, ਬੱਚੇ ਯਤੀਮ ਕਰ ਦਿੱਤੇ ਗਏ, ਔਰਤਾਂ ਵਿਧਵਾ ਬਣਾ ਦਿਤੀਆਂ ਗਈਆਂ, ਸਾਂਝੇ ਲੰਗਰ ਉਹਨਾਂ ਨੂੰ ਫਿਰ ਵੀ ਜੀਉਣ ਦਾ ਸਾਹਸ ਦੇਂਦੇ ਹਨ।

ਕੀ ਪਤਾਂ ਜ਼ੁਲਮੋ ਤਸ਼ੱਦਦ
ਕੀ ਕੀ ਗੁਲ ਖਿਲਾਏਗਾ ?
ਛਵੀਆਂ ਤਲਵਾਰਾਂ ਦਾ ਮੌਸਮ
ਮਹਿਕਾਂ ਨੂੰ ਖਾ ਜਾਏਗਾ ।
ਮੇਰੇ ਗੀਤਾਂ ਦੇ ਚਮਨ ਤੇ
ਕੀ ਨੇ ਝੱਖੜ ਝੁਲਣੇ?
ਜ਼ਹਿਰ ਭਰਿਆ ਫਿਰਕੂ ਸੰਕਟ
ਕੀ ਪੁਆੜੇ ਪਾਏਗਾ ।
ਕੀ ਸਮਝਿਐ ? ਸੋਚਿਐ ਕੀ ?
ਦੇਸ਼ ਦੇ ਨੇਤਾਵਾਂ ਨੇ ।
ਬਹਿਸਾਂ, ਵਿਦਰੋਹਾਂ ਦਾ ਰਸਤਾ
ਗ਼ਾਰਤਾਂ ਵਲ ਜਾਏਗਾ ।
ਆਸ਼ੀਆਨਾ ਚਮਨ ਦਾ ।
ਧੱਜੀ, ਧੱਜੀ, ਰੰਗੀਨ ਸੁਪਨਾ
ਖਾਕ ਵਿਚ ਮਿਲ ਜਾਏਗਾ ।
ਕਰ ਲੈਂਦੇ ਜੇ ਕੋਈ ਹੀਲਾ
ਇਕ ਟੁਟੀ ਤਾਰ ਦਾ
ਵਰਨਾ ਇਹ ਸੰਗੀਤੀ ਨਗ਼ਮਾ
ਕੀਰਨੇ ਬਣ ਜਾਏਗਾ ।
ਕਦੋਂ ਤਕ ਕੋਈ ਡੱਕ ਸਕਦੈ
ਲੋਕਤਾ ਦੇ ਵੇਗ ਨੂੰ:
ਇਹ ਓਹ ਹੜ ਹੈ ਜੋ
ਭਿਅੰਕਰ ਪਰਲੋਂ ਬਣ ਜਾਏਗਾ ।
ਕਿਉਂ ਲਕੋਇਆ ਜਾ ਰਿਹਾ ਹੈ
ਕੁਫਰ ਨੂੰ ਤੇ ਕੂੜ ਨੂੰ ।
ਨਿਰਦੋਸ਼ਾਂ ਦਾ ਖ਼ੂਨ ਇਕ ਦਿਨ
ਆਪਣਾ ਰੰਗ ਲਾਏਗਾ ।
ਨਫਰਤਾਂ, ਘਿਰਣਾਵਾਂ ਵਿਚੋਂ
ਕਿਸ ਅਮਨ ਨੇ ਸਿਰਜਣੇ ?
ਡਰ ਤੇ ਦਹਿਸ਼ਤ ਦਾ ਸਲੀਕਾ
ਉਸਰਿਆ ਢਾਅ ਜਾਏਗਾ ।

ਜੀਵਨ ਰਾਮਪੁਰੀ

(ਪੰਨਾ 9 ਦੀ ਬਾਕੀ)

ਲਗਭਗ ਟਿਪ ਵੇਟਰ ਰੱਖਦਾ ਹੈ ।

ਪ੍ਰਸ਼ਨ: ਹੁਣ ਤੁਸੀਂ ਸਟਰਾਈਕ ਤੇ ਹੋ। ਸਟਰਾਈਕ ਤੇ ਹੋਣ ਤੋਂ ਬਾਅਦ ਤੁਹਾਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਕਲਾਂ ਆਈਆਂ ਹੋਣ ।

ਇਕ: ਉਹ ਕਈ ਬੰਦਿਆ ਨੂੰ ਜਿਵੇਂ ਕਈ ਟੈਕਸੀ ਵਾਲਿਆਂ ਨੂੰ ਮੁਫਤ ਰੋਟੀ ਖਵਾ ਦਿੰਦੇ ਹਨ ਅਤੇ ਉਹ ਟੈਕਸੀਆਂ ਵਾਲੇ ਸਾਨੂੰ ਬਾਹਰ ਪਿਕਟ ਲਾਈਨ ਤੇ ਖੜਿਆਂ ਨੂੰ ਧਮਕੀਆਂ ਦਿੰਦੇ ਹਨ ।

ਦੂਜਾ: ਇਕ ਦਿਨ ਮੈਨੂੰ ਮੈਨੇਜਰ, ਅਤੇ ਮਾਲਕ ਆਕੇ ਐਵੇਂ ਛੇੜਨ ਲੱਗ ਪਏ ਕਿ ਐਦਾਂ ਕਰਾਂਗੇ, ਪੁਲੀਸ ਨੂੰ ਸੱਦਾਂਗੇ, ਤੈਨੂੰ ਅੰਦਰ ਕਰਾ ਦਿਆਂਗੇ ਆਦਿ — ਪਰ ਮੈਂ ਅਗੋਂ ਕੁੱਝ ਨਹੀਂ ਬੋਲਿਆ ਕਿਉਂਕਿ ਸਾਨੂੰ ਯੂਨੀਅਨ ਵਾਲਿਆਂ ਨੇ ਕਿਹਾ ਸੀ ਕਿ ਕੋਈ ਇਸ ਤਰ੍ਹਾਂ ਦੀ ਗੱਲ ਨਾ ਕਰਿਓ। ਫੇਰ ਸਾਨੂੰ ਉਨ੍ਹਾਂ ਦੇ ਬੰਦਿਆਂ ਨੇ ਆਕੇ ਇਹ ਵੀ ਕਿਹਾ ਕਿ ਇਨ੍ਹਾ ਦੇ ਬੰਦੇ ਰੱਖਿਓ, ਇਹ ਤੁਹਾਨੂੰ ਉਨ੍ਹਾਂ ਤੋਂ ਕਟਵਾਉਣਗੇ ।

ਪ੍ਰਸ਼ਨ: ਕੀ ਤੁਸੀਂ ਸਾਨੂੰ ਇਹ ਦੱਸ ਸਕਦੇ ਹੋ ਕਿ ਤਹਾਡੀਆਂ (Specific) ਡਿਮਾਂਡਜ਼ ਕੀ ਹਨ ?

ਇਕ: ਇਕ ਤਾਂ ਇਹ ਆ ਬਈ ਜਿਹੜਾ ਵੇਟਰ ਆ ਉਹਨੂੰ ਉਹਦੀ ਟਿਪ ਮਿਲੇ। ਬਾਕੀ ਜਿਹੜਾ ਕੁੱਕ ਆ ਉਹਨੂੰ ਸੱਤ ਡਾਲਰ ਘੰਟੇ ਦੇ ਮਿਲਨ ਬਾਕੀ ਛੇ ਡਾਲਰ ਜਿਵੇਂ ਡਿਸ਼ਵਾਸ਼ਰ ਹੈ, ਕਿੱਚਨ ਹੈਲਪਰ ਆ, ਡੋਰਮੈਨ ਆ, ਬਾਰ-ਟੈਂਡਰ ਨੂੰ ਮਿਲਨੇ ਚਾਹੀਦੇ ਹਨ ।

ਦੂਜਾ: ਅਸੀਂ ਤਾਂ ਕਹਿੰਦੇ ਆਂ ਕਿ ਵੇਟਰ ਨੂੰ ਤਾਂ ਭਾਵੇਂ ਪੰਜ ਡਾਲਰ ਹੀ ਮਿਲਨ।

ਤੀਜਾ: ਓਵਰਟਾਈਮ ਮਿਲਨਾ ਚਾਹੀਦਾ, ਛੁੱਟੀਆਂ ਦੀ ਤਨਖਾਹ ਮਿਲਨੀ ਚਾਹੀਦੀ ਹੈ। ਸਾਨੂੰ ਹਫਤੇ ਵਿਚ ਦੋ ਛੁੱਟੀਆਂ ਮਿਲਨੀਆ ਚਾਹੀਦੀਆਂ ਹਨ ।

ਦੂਜਾ: ਪਰ ਮਾਲਕ ਤਾ ਸਾਫ ਕਹਿੰਦਾ ਹੈ ਕਿ ਉਹਨੇਂ 'ਕੁਲੈਕਟਿਵ ਐਗਰੀਮੈਂਟ' ਨਹੀਂ ਸਾਈਨ ਕਰਨਾ ਭਾਵੇਂ ਜੋ ਮਰਜੀ ਕਰ ਲੋ ।

ਪ੍ਰਸ਼ਨ: ਕੀ ਤੁਹਾਨੂੰ ਆਪਣੀ ਕਮਿਊਨਿਟੀ ਵੱਲੋਂ ਕਿਸੇ ਤਰ੍ਹਾਂ ਦੀ ਸਪੋਰਟ ਮਿਲੀ ਹੈ ।

ਇਕ: ਅਜੇ ਤੱਕ ਤਾਂ ਕੋਈ ਮਿਲੀ ਨਹੀਂ ।

ਦੂਜਾ: ਸ਼ਾਇਦ ਇਹ ਵੀ ਹੋ ਸਕਦਾ ਹੈ ਕਿ ਕਮਿਊਨਿਟੀ ਦੇ ਲੋਕਾਂ ਨੂੰ ਇਸ ਗੱਲ ਦਾ ਪਤਾ ਈ ਨਾਂ ਹੋਵੇ ।

ਪ੍ਰਸ਼ਨ: ਤੁਸੀਂ ਆਪਣੀ ਕਮਿਊਨਿਟੀ ਨੂੰ ਇਸ ਬਾਰੇ ਕੀ ਕਹਿਣਾਂ ਚਾਹੋਗੇ ।

ਇਕ: ਸਾਨੂੰ ਲੋਕਾਂ ਦਾ ਸਾਥ ਚਾਹੀਦਾ ਹੈ ।

---

**ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?**
**ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।**

ਚਿਟ ਨੰਬਰ————————
ਪੁਰਾਣਾ ਪਤਾ————————
————————
————————
————————
ਨਵਾਂ ਪਤਾ ਸਟਰੀਟ/ਐਵੇਨਿਊ————
ਟਾਊਨ————————
ਸਟੇਟ————————
ਪੋਸਟਲ ਕੋਡ————————
ਫੋਨ ਨੰਬਰ————————


# WHEATON
# PONTIAC BUICK GMC
**LTD.**

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ੀਦਦੇ ਹਾਂ — ਇਕ ਵਾਰ ਦਰਸ਼ਨ ਜਰੂਰ ਦਿਓ।



Kuldip Jhand

**ਕੁਲਦੀਪ ਸਿੰਘ ਝੰਡ**
**ਨੂੰ ਫ਼ੋਨ ਕਰੋ ਜਾਂ ਮਿਲੋ**
**Bus. 526-2781**
**Res. 524-4137 Pager 687-7711 #7610**
**325 - 12th St., New Westminster, B.C.**

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਅਦਿ ਹਨ-ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰੀਂ ਕੁਲਦੀਪ ਝੰਡ ਨੂੰ ਜਰੂਰ ਮਿਲੋ ਜਾਂ ਘੱਟੋ ਘੱਟ ਫੋਨ ਜਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

**SUPER BUYS**

# AMBIKA FOODS

## 5125 Victoria Drive, Vancouver

**PHONE: 327—0295**

| | | |
|---|---|---|
| ਖੰਡ<br>Sugar<br>$4.89 10 kg. | ਗੋਲਡਨ ਟੈਂਪਲ ਆਟਾ<br>Golden Temple ATTA<br>$4.89 10 Kg. | ਸੋਹਣਾ ਸਾਗ<br>Sohna Saag<br>.99¢ 1 Tin |
| ਮੂੰਗੀ<br>MOONG<br>39¢ 1 lb. | ਵੈਜੀਟੇਬਲ ਆਇਲ<br>Vegetable Oil<br>$3.89 3 litre | ਕਾਬਲੀ ਛੋਲੇ<br>Bravo Chick Peas<br>.79¢ 1 Tin |
| White Manh<br>ਚਿੱਟੇ ਮਾਂਹ<br>49 ¢ 1 lb. | Green Lentils<br>ਹਰੀਆਂ ਦਾਲਾਂ<br>39¢ 1 lb. | ਪਚਰੰਗਾ ਆਚਾਰ<br>Pachranga ACHAR<br>$1.49 |
| ਕਾਲੇ ਛੋਲੇ<br>Black Channa<br>37¢ 1 lb. | ਕਾਲੇ ਮਾਂਹ<br>Black Manh<br>49¢ 1 lb. | ਫਰੀਨ ਆਟਾ<br>Farine ATTA<br>$4.49 10 Kg. |